ਸਰਕਾਰੀ ਡਾਇਰੀ

ਪੰਜਾਬ ਦੀਆਂ ਪੰਜ ਸਹਿਕਾਰੀ ਖੰਡ ਮਿੱਲਾਂ ਨੇ ਜਿੱਤੇ ਕੌਮੀ ਐਵਾਰਡ

ਗੁਰਮੀਤ ਸਿੰਘ ਖੁੱਡੀਆਂ ਨੇ ਕੇਂਦਰੀ ਮੰਤਰੀ ਨਿਤਿਨ ਗਡਕਰੀ ਪਾਸੋਂ ਹਾਸਲ ਕੀਤੇ ਐਵਾਰਡ



ਚੰਡੀਗੜ੍ਹ/ਨਵੀਂ ਦਿੱਲੀ, 22 ਸਤੰਬਰ (ਸਸਸ) : ਕੌਮੀ ਪੱਧਰ ਤੇ ਮਾਣ ਹਾਸਲ ਕਰਦਿਆਂ ਪੰਜਾਬ ਦੀਆਂ ਪੰਜ ਸਹਿਕਾਰੀ ਖੰਡ ਮਿਲਾਂ ਨੇ ਨਵੀਂ ਦਿੱਲੀ ਵਿਖੇ ਹੋਏ ਕੌਮੀ ਸਹਿਕਾਰਤਾ ਸ਼ੂਗਰ ਉਦਯੋਗ ਕਨਕਲੇਵ 2026 ਦੌਰਾਨ ਵਿੱਤੀ ਪ੍ਰਬੰਧਨ, ਉੱਤਮ ਗੰਨਾ ਵਿਕਾਸ ਅਤੇ ਤਕਨੀਕੀ ਕੁਸ਼ਲਤਾ ਸ਼੍ਰੇਣੀਆਂ ਵਿਚ ਕੌਮੀ ਪੱਧਰ ਦੇ ਐਵਾਰਡ ਹਾਸਿਲ ਕੀਤੇ ਹਨ। ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਵਲੋਂ ਕੇਂਦਰੀ ਸੜਕੀ ਆਵਾਜਾਈ ਅਤੇ ਰਾਜਮਾਰਗ ਮੰਤਰੀ ਨਿਤਿਨ ਗਡਕਰੀ ਪਾਸੋਂ ਇਹ ਐਵਾਰਡ ਪ੍ਰਾਪਤ ਕੀਤੇ। ਇਸ ਕਨਕਲੇਵ ਦੌਰਾਨ ਵਿੱਤੀ ਪ੍ਰਬੰਧਨ (ਅਦਰ ਰਿਕਵਰੀ ਏਰੀਆ) ਵਰਗ ਵਿਚ ਦੀ ਬਟਾਲਾ ਕੋਆਪਰੇਟਿਵ ਸ਼ੂਗਰ ਮਿੱਲਜ਼ ਲਿਮਟਿਡ ਨੇ ਦੂਜਾ, ਉੱਤਮ ਗੰਨਾ ਵਿਕਾਸ (ਅਦਰ ਰਿਕਵਰੀ ਏਰੀਆ) ਵਰਗ ਵਿਚ ਦੀ ਫ਼ਾਜ਼ਿਲਕਾ ਕੋਆਪਰੇਟਿਵ ਸ਼ੂਗਰ ਮਿੱਲਜ਼ ਲਿਮਟਿਡ ਅਤੇ ਬੁੱਢੇਵਾਲ ਕੋਆਪਰੇਟਿਵ ਸ਼ੂਗਰ ਮਿੱਲਜ਼ ਲਿਮਟਿਡ ਨੇ ਦੂਜਾ ਅਤੇ ਤਕਨੀਕੀ ਕੁਸ਼ਲਤਾ ਐਵਾਰਡ (ਅਦਰ ਰਿਕਵਰੀ ਏਰੀਆ) ਵਰਗ ਵਿਚ ਦੀ ਨਕੋਦਰ ਕੋਆਪਰੇਟਿਵ ਸ਼ੂਗਰ ਮਿੱਲਜ਼ ਲਿਮਟਿਡ ਨੇ ਦੂਜਾ ਅਤੇ ਇਸੇ ਵਰਗ ਵਿਚ ਦੀ ਭੋਗਪੁਰ ਕੋਆਪਰੇਟਿਵ ਸ਼ੂਗਰ ਮਿਲਜ਼ ਲਿਮਟਿਡ ਨੇ ਤੀਜਾ ਸਥਾਨ ਹਾਸਲ ਕੀਤਾ ਹੈ। ਕੈਬਨਿਟ ਮੰਤਰੀ ਖੁੱਡੀਆਂ ਨੇ ਇਸ ਮੌਕੇ ਕਿਹਾ ਸੂਬਾ ਸਰਕਾਰ ਵਲੋਂ ਗੰਨੇ ਦੀ ਉਤਪਾਦਕਤਾ ਵਧਾਉਣ, ਖੰਡ ਦੀ ਵਸੂਲੀ ਦਰ ਵਿਚ ਸੁਧਾਰ ਕਰਨ ਅਤੇ ਕਾਸ਼ਤ ਦੀ ਲਾਗਤ ਘਟਾਉਣ ਲਈ ਆਧੁਨਿਕ ਖੇਤੀ ਤਕਨੀਕਾਂ ਨੂੰ ਅਪਣਾਉਣ ਵਲ ਪੰਜਾਬ ਸਰਕਾਰ ਵਲੋਂ ਵਿਸ਼ੇਸ਼ ਤਵੱਜੋ ਦਿਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬੇ ਦੀਆਂ ਪੰਜ ਖੰਡ ਮਿੱਲਾਂ ਨੂੰ ਕੌਮੀ ਪੱਧਰ ਤੇ ਐਵਾਰਡ ਮਿਲਣਾ ਸੂਬੇ ਲਈ ਮਾਣ ਵਾਲੀ ਗੱਲ ਹੈ। ਸ. ਖੁੱਡੀਆਂ ਨੇ ਦਸਿਆ ਕਿ ਪੰਜਾਬ ਵਿਚ ਗੰਨਾ ਕਾਸ਼ਤਕਾਰਾਂ ਨੂੰ ਪੂਰੇ ਮੁਲਕ ਵਿਚੋਂ ਸਭ ਤੋਂ ਵਧ ਗੰਨੇ ਦਾ ਭਾਅ 416 ਰੁਪਏ ਪ੍ਰਤੀ ਕੁਇੰਟਲ ਦਿਤਾ ਜਾ ਰਿਹਾ ਹੈ ਜਿਸ ਵਿਚ ਸੂਬਾ ਸਰਕਾਰ ਵਲੋਂ 68.50 ਰੁਪਏ ਬਤੌਰ ਸਬਸਿਡੀ ਸ਼ਾਮਲ ਹੈ। ਉਨ੍ਹਾਂ ਦਸਿਆ ਕਿ ਖੰਡ ਮਿੱਲਾਂ ਵਲੋਂ ਕੀਤੇ ਗਏ ਸਰਵੇਖਣ ਅਨੁਸਾਰ ਸਾਲ 2025-26 ਦੌਰਾਨ ਪੰਜਾਬ 'ਚ ਗੰਨੇ ਹੇਠ ਰਕਬਾ 1,11,818 ਹੈਕਟੇਅਰ ਸੀ, ਜੋ ਸਾਲ 2026-27 ਦੌਰਾਨ ਵਧ ਕੇ 1,16,131 ਹੈਕਟੇਅਰ ਹੋ ਗਿਆ ਹੈ। ਜੇਕਰ ਮੌਸਮ ਅਨੁਕੂਲ ਰਿਹਾ ਤਾਂ ਇਸ ਰਕਬੇ ਤੋਂ ਲਗਭਗ 700 ਲੱਖ ਕੁਇੰਟਲ ਗੰਨੇ ਦੀ ਪੈਦਾਵਾਰ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਗੰਨਾ ਮਾਹਿਰਾਂ, ਖੇਤੀਬਾੜੀ ਵਿਭਾਗ ਅਤੇ ਖੰਡ ਮਿੱਲਾਂ ਦੀਆਂ ਸਾਂਝੀਆਂ ਟੀਮਾਂ ਵਲੋਂ ਸਮੇਂ-ਸਮੇਂ 'ਤੇ ਕਿਸਾਨ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ, ਜਿਨਾਂ ਰਾਹੀਂ ਚੌੜੀ ਵਿਧੀ ਨਾਲ ਬਿਜਾਈ, ਪ੍ਰਾਈਮਰੀ ਸੀਡ ਨਰਸਰੀ ਰਾਹੀਂ ਬਿਜਾਈ, ਸੁਧਰੇ ਅਤੇ ਰੋਗ-ਰਹਿਤ ਬੀਜ ਦੀ ਵਰਤੋਂ, ਖਾਦਾਂ ਦੀ ਸੰਤੁਲਿਤ ਵਰਤੋਂ, ਕੀਟ ਅਤੇ ਬਿਮਾਰੀ ਪ੍ਰਬੰਧਨ ਅਤੇ ਖੇਤੀ ਮਸ਼ੀਨੀਕਰਨ ਸਬੰਧੀ ਜਾਣਕਾਰੀ ਦਿੱਤੀ ਜਾ ਰਹੀ ਹੈ। ਇਸ ਮੌਕੇ ਸਹਿਕਾਰਤਾ ਵਿਭਾਗ ਪੰਜਾਬ ਦੇ ਸਕੱਤਰ ਅਜੀਤ ਬਾਲਾ ਜੋਸ਼ੀ ਅਤੇ ਸ਼ੂਗਰਫੈੱਡ ਦੇ ਮੈਨੇਜਿੰਗ ਡਾਇਰੈਕਟਰ ਡਾ. ਸੇਨੂੰ ਦੁੱਗਲ, ਐਵਾਰਡ ਪ੍ਰਾਪਤ ਕਰਨ ਵਾਲੀਆਂ ਖੰਡ ਮਿੱਲਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

ਪੰਜਾਬ ਰਾਜ ਮਾਨਸਿਕ ਸਿਹਤ ਅਥਾਰਟੀ ਦੀ ਸਮੀਖਿਆ ਮੀਟਿੰਗ

ਡਾ. ਬਲਬੀਰ ਸਿੰਘ ਨੇ ਮਾਨਸਿਕ ਸਿਹਤ ਸੰਭਾਲ ਲਈ ਰੂਪ-ਰੇਖਾ ਉਲੀਕੀ



ਚੰਡੀਗੜ੍ਹ, 22 ਸਤੰਬਰ (ਸਸਸ) : ਮਾਨਸਿਕ ਸਿਹਤ ਸੰਭਾਲ ਨੂੰ ਨਵੀਂ ਦਿਸ਼ਾ ਦੇਣ ਲਈ ਹਾਲ ਹੀ ਵਿਚ 11 ਗ਼ੈਰ-ਸਰਕਾਰੀ ਮੈਂਬਰਾਂ ਨੂੰ ਸ਼ਾਮਲ ਕਰਨ ਉਪਰੰਤ ਨਵੀਂ ਗਠਤ ਪੰਜਾਬ ਰਾਜ ਮਾਨਸਿਕ ਸਿਹਤ ਅਥਾਰਟੀ

■ ਮਨੋ-ਚਿਕਿਤਸਾ ਕੇਂਦਰਾਂ ਵਿਚ ਬੰਨ੍ਹਣਾ, ਇਕਾਂਤਵਾਸ ਤੇ ਅਣਮਨੁੱਖੀ ਅਮਲਾਂ ਵਿਰੁਧ ਸਖ਼ਤ ਕਾਰਵਾਈ ਦੇ ਹੁਕਮ

(ਐਸ.ਐਮ.ਐਚ.ਏ.) ਦੀ ਸਮੀਖਿਆ ਮੀਟਿੰਗ ਅੱਜ ਸਿਹਤ ਅਤੇ ਪਰਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਦੀ ਮੌਜੂਦਗੀ ਵਿੱਚ ਹੋਈ। ਪ੍ਰਮੁੱਖ ਸਕੱਤਰ-ਕਮ-ਚੇਅਰਮੈਨ (ਐਕਸ-ਓਫੀਸ਼ੀਓ) ਕੁਮਾਰ ਰਾਹੁਲ ਤੇ ਡਾਇਰੈਕਟਰ ਸਿਹਤ ਸੇਵਾਵਾਂ ਪੰਜਾਬ-ਕਮ-ਮੈਂਬਰ (ਐਕਸ-ਓਫੀਸ਼ੀਓ) ਡਾ. ਹਿਤਿੰਦਰ ਕੌਰ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ, ਸਿਹਤ ਮੰਤਰੀ ਨੇ ਨਵ-ਨਿਯੁਕਤ ਐਕਸ-ਓਫੀਸ਼ੀਓ ਅਤੇ ਗੈਰ-ਸਰਕਾਰੀ ਮੈਂਬਰਾਂ ਦਾ ਰਸਮੀ ਸਵਾਗਤ ਕੀਤਾ, ਇਨ੍ਹਾਂ ਵਿਚੋਂ ਕਈ ਮੈਂਬਰਾਂ ਨੇ ਵੀਡੀਓ ਕਾਨਫ਼ਰੰਸਿੰਗ ਰਾਹੀਂ ਸ਼ਿਰਕਤ ਕੀਤੀ। ਇਸ ਵਿਆਪਕ ਪੈਨਲ ਵਿਚ ਮਾਹਰ ਮਨੋਵਿਗਿਆਨੀ, ਕਲੀਨਿਕਲ ਮਨੋਵਿਗਿਆਨੀ, ਸਾਈਕਿਆਟ੍ਰਿਕ ਸੋਸ਼ਲ ਵਰਕਰ, ਮਾਨਸਿਕ ਸਿਹਤ ਨਰਸਾਂ, ਐਨ.ਜੀ.ਓ. ਦੇ ਨੁਮਾਇੰਦੇ, ਦੇਖਭਾਲ ਕਰਨ ਵਾਲੇ ਅਤੇ ਮਾਨਸਿਕ ਬਿਮਾਰੀ ਦਾ ਸਾਹਮਣਾ ਕਰ ਚੁੱਕੇ ਵਿਅਕਤੀ ਸ਼ਾਮਲ ਹਨ, ਤਾਂ ਜੋ ਜ਼ਮੀਨੀ ਹਕੀਕਤਾਂ ਦੇ ਆਧਾਰ 'ਤੇ ਸੂਬਾ ਨੀਤੀ ਤਿਆਰ ਕੀਤੀ ਜਾ ਸਕੇ। ਅਥਾਰਟੀ ਨੂੰ ਸੰਬੋਧਨ ਕਰਦਿਆਂ, ਮੰਤਰੀ ਡਾ. ਬਲਬੀਰ ਸਿੰਘ ਨੇ ਦੁਹਰਾਇਆ ਕਿ ਪੰਜਾਬ ਸਰਕਾਰ ਮਾਨਸਿਕ ਸਿਹਤ ਸੰਭਾਲ ਐਕਟ (ਐਮਐਚਸੀਏ) 2017 ਦੇ ਉਦੇਸ਼ ਨੂੰ ਬਰਕਰਾਰ ਰੱਖਣ ਲਈ ਵਚਨਬੱਧ ਹੈ ਅਤੇ ਹਰ ਨਾਗਰਿਕ ਨੂੰ ਬਿਨਾਂ ਕਿਸੇ ਵਿਤਕਰੇ ਦੇ ਮਿਆਰੀ ਮਨੋਵਿਗਿਆਨਕ ਸੇਵਾਵਾਂ ਤਕ ਆਸਾਨੀ ਨਾਲ ਪਹੁੰਚ ਯਕੀਨੀ ਬਣਾਉਣਾ ਹੈ। ਉਨ੍ਹਾਂ ਅੱਗੇ ਕਿਹਾ ਕਿ ਮਾਨਸਿਕ ਸਿਹਤ ਸੰਭਾਲ ਸੰਸਥਾਵਾਂ ਇੱਕਲੇ ਕੰਮ ਨਹੀਂ ਕਰ ਸਕਦੀਆਂ ਤੇ ਇਹ ਪੁਨਰ ਸੁਰਜੀਤ ਅਥਾਰਟੀ ਸਰਕਾਰੀ ਹਸਪਤਾਲਾਂ, ਮੈਡੀਕਲ ਕਾਲਜਾਂ ਅਤੇ ਨਿਜੀ ਕਲੀਨਿਕਾਂ ਵਿਚ ਸੇਵਾਵਾਂ ਦੀ ਨਿਗਰਾਨੀ ਕਰਨ, ਸਖ਼ਤ ਮਿਆਰਾਂ ਨੂੰ ਲਾਗੂ ਕਰਨ ਅਤੇ ਮਰੀਜ਼ਾਂ ਦੇ ਅਧਿਕਾਰਾਂ ਦੀ ਰਾਖੀ ਕਰਨ ਲਈ ਇਕ ਮਹੱਤਵਪੂਰਨ ਸੰਸਥਾ ਵਜੋਂ ਕੰਮ ਕਰੇਗੀ।

ਅੰਮ੍ਰਿਤਸਰ 'ਚ ਗ਼ੈਰ-ਕਾਨੂੰਨੀ ਹਥਿਆਰ ਤਸਕਰੀ ਨੈੱਟਵਰਕ ਦੇ ਅੱਠ ਕਾਰਕੁਨ 13 ਪਸਤੌਲਾਂ ਨਾਲ ਗ੍ਰਿਫ਼ਤਾਰ



ਅੰਮ੍ਰਿਤਸਰ, 22 ਸਤੰਬਰ (ਵਿੱਕੀ ਉਮਰਾਨੰਗਲ) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਵੱਡੀ ਸਫ਼ਲਤਾ ਦਰਜ ਕਰਦਿਆਂ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਅੱਠ ਵਿਅਕਤੀਆਂ ਨੂੰ 13 ਨਾਜਾਇਜ਼ ਪਸਤੌਲਾਂ ਅਤੇ 23 ਜ਼ਿੰਦਾ ਕਾਰਤੂਸਾਂ ਸਮੇਤ ਗ੍ਰਿਫਤਾਰ ਕਰਕੇ ਨਾਜਾਇਜ਼ ਹਥਿਆਰ ਸਪਲਾਈ ਕਰਨ ਵਾਲੇ ਛੇ ਨੈੱਟਵਰਕਾਂ ਦਾ ਪਰਦਾਫ਼ਾਸ਼ ਕੀਤਾ ਹੈ। ਇਹ ਜਾਣਕਾਰੀ ਪੰਜਾਬ ਦੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਗੌਰਵ ਯਾਦਵ ਨੇ ਅੱਜ ਇੱਥੇ ਦਿਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਗੁਰਦੀਪ ਸਿੰਘ ਉਰਫ਼ ਦੀਪ (24) ਅਤੇ ਧਰਮਿੰਦਰ ਸਿੰਘ ਉਰਫ਼ ਭਿੰਦਾ (34) ਦੋਵੇਂ ਵਾਸੀ ਪਿੰਡ ਰੰਗੜ੍ਹ (ਅੰਮ੍ਰਿਤਸਰ ਦਿਹਾਤੀ), ਅਮਿਤ (23), ਵਾਸੀ ਗੁਰੂ ਕੀ ਵਡਾਲੀ (ਅੰਮ੍ਰਿਤਸਰ), ਹਰਪ੍ਰੀਤ ਸਿੰਘ ਉਰਫ਼ ਹੈਪੀ ਨਿਆਣਾ (26) ਵਾਸੀ ਨਰਾਇਣਗੜ੍ਹ (ਅੰਮ੍ਰਿਤਸਰ), ਚਮਕੌਰ ਸਿੰਘ (30) ਵਾਸੀ ਪਿੰਡ ਵਾਨ ਤਾਰਾ ਸਿੰਘ (ਤਰਨ ਤਾਰਨ), ਕਰਨਪ੍ਰੀਤ ਸਿੰਘ (22)ਵਾਸੀ ਪਿੰਡ ਨੂਰਦੀ (ਤਰਨ ਤਾਰਨ), ਗੌਰਵ (26) ਵਾਸੀ ਕਟੜਾ ਕਰਮ ਸਿੰਘ (ਅੰਮ੍ਰਿਤਸਰ) ਅਤੇ ਵਰੁਣ ਕੁਮਾਰ ਉਰਫ਼ ਵਿੱਕੀ ਗਿੱਲ (33) ਵਾਸੀ ਭਾਈ ਮੰਜ ਸਿੰਘ ਰੋਡ (ਅੰਮ੍ਰਿਤਸਰ) ਵਜੋਂ ਕੀਤੀ ਗਈ ਹੈ। ਬਰਾਮਦ ਕੀਤੇ ਗਏ ਪਸਤੌਲਾਂ ਵਿਚ ਦੋ .30 ਬੋਰ ਜ਼ਿਗਾਨਾ (ਤੁਰਕੀ ਦੇ ਬਣੇ), ਦੋ .30 ਬੋਰ (ਚੀਨ ਦੇ ਬਣੇ), ਇੱਕ 9ਐਮਐਮ ਅਤੇ ਅੱਠ .30 ਬੋਰ ਦੇ ਪਿਸਤੌਲ ਸ਼ਾਮਲ ਹਨ। ਪਿਸਤੌਲਾਂ ਦੀ ਬਰਾਮਦਗੀ ਤੋਂ ਇਲਾਵਾ ਪੁਲਿਸ ਟੀਮਾਂ ਨੇ ਤਸਕਰੀ ਦੀਆਂ ਗਤੀਵਿਧੀਆਂ ਲਈ ਵਰਤੇ ਜਾ ਰਹੇ ਉਨ੍ਹਾਂ ਦੇ ਐਕਟਿਵਾ ਸਕੂਟਰ ਨੂੰ ਵੀ ਜ਼ਬਤ ਕਰ ਲਿਆ ਹੈ। ਡੀਜੀਪੀ ਗੌਰਵ ਯਾਦਵ ਨੇ ਦਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਕਥਿਤ ਤੌਰ 'ਤੇ ਵਿਦੇਸ਼ੀ ਤਸਕਰਾਂ ਨਾਲ ਜੁੜੇ ਹੋਏ ਸਨ ਅਤੇ ਗੈਰ-ਕਾਨੂੰਨੀ ਹਥਿਆਰ ਖ਼ਰੀਦ ਕੇ ਅੱਗੇ ਸਪਲਾਈ ਕਰ ਰਹੇ ਸਨ। ਉਨ੍ਹਾਂ ਦਸਿਆ ਕਿ ਪੁਲਿਸ ਨੇ ਮੁਲਜ਼ਮਾਂ ਅਤੇ ਗ਼ੈਰ-ਕਾਨੂੰਨੀ ਹਥਿਆਰ ਸਪਲਾਈ ਨੈੱਟਵਰਕ ਵਿਚ ਸ਼ਾਮਲ ਹੋਰ ਕਾਰਕੁਨਾਂ ਦੇ ਸਬੰਧਾਂ ਦਾ ਵੀ ਪਤਾ ਲਗਾਇਆ ਹੈ। ਆਪ੍ਰੇਸ਼ਨ ਸਬੰਧੀ ਵੇਰਵੇ ਸਾਂਝੇ ਕਰਦਿਆਂ ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ (ਸੀਪੀ) ਹਰਮਨਬੀਰ ਸਿੰਘ ਗਿੱਲ ਨੇ ਦੱਸਿਆ ਕਿ ਪੁਲਿਸ ਟੀਮਾਂ ਨੇ ਗੁਰਦੀਪ ਸਿੰਘ ਉਰਫ਼ 'ਦੀਪ' ਅਤੇ ਧਰਮਿੰਦਰ ਸਿੰਘ ਉਰਫ਼ 'ਭਿੰਦਾ' ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿਚੋਂ ਦੋ ਪਸਤੌਲਾਂ ਅਤੇ ਸੱਤ ਜ਼ਿੰਦਾ ਕਾਰਤੂਸ ਬਰਾਮਦ ਕੀਤੇ।

ਮੋਹਿੰਦਰ ਭਗਤ ਵਲੋਂ ਜਲੰਧਰ 'ਚ ਡੋਰ-ਟੂ-ਡੋਰ ਮੁਹਿੰਮ ਦੀ ਸ਼ੁਰੂਆਤ



ਜਲੰਧਰ, 22 ਸਤੰਬਰ (ਪਪ) : ਪੰਜਾਬ ਦੇ ਬਾਗ਼ਬਾਨੀ, ਸੁਤੰਤਰਤਾ ਸੈਨਾਨੀ ਅਤੇ ਰਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਵਲੋਂ ਅੱਜ 'ਮਾਨ ਦੇ ਮੁਨਾਫ਼ੇ' ਤਹਿਤ ਜਲੰਧਰ ਵਿਚ 'ਡੋਰ ਟੂ ਡੋਰ' ਮੁਹਿੰਮ ਦੀ ਸ਼ੁਰੂਆਤ ਕੀਤੀ ਗਈ, ਜਿਸ ਤਹਿਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਅਪਣੇ ਕਾਰਜਕਾਲ ਦੌਰਾਨ ਕੀਤੇ ਗਏ ਵਿਕਾਸ ਕਾਰਜਾਂ

■ ਕਿਹਾ, ਲੋਕ-ਭਲਾਈ ਪਹਿਲਕਦਮੀਆਂ ਨੂੰ ਹਰ ਘਰ ਤਕ ਪਹੁੰਚਾਏਗੀ ਜਨ ਸੰਪਰਕ ਮੁਹਿੰਮ

ਤੇ ਲੋਕ-ਪੱਖੀ ਉਪਰਾਲਿਆਂ ਬਾਰੇ ਲੋਕਾਂ ਨੂੰ ਜਾਣੂ ਕਰਵਾਉਣ ਲਈ ਇਕ ਵਿਸ਼ੇਸ਼ ਜਨ-ਸੰਪਰਕ ਪ੍ਰੋਗਰਾਮ ਚਲਾਇਆ ਜਾਵੇਗਾ। ਬਸਤੀ ਨੌਂ ਇਲਾਕੇ ਵਿਚ ਘਰ-ਘਰ ਜਾ ਕੇ ਪੈਂਫਲੈਟ ਵੰਡਦਿਆਂ ਭਗਤ ਨੇ ਕਿਹਾ ਕਿ ਇਹ ਮੁਹਿੰਮ ਸਰਕਾਰ ਦੇ ਕੰਮਕਾਜ ਨੂੰ ਸਿੱਧਾ ਲੋਕਾਂ ਤਕ ਪਹੁੰਚਾਏਗੀ ਅਤੇ ਉਨ੍ਹਾਂ ਨੂੰ ਪੰਜਾਬ ਦੀ ਭਲਾਈ ਤੇ ਵਿਕਾਸ ਲਈ ਚੁੱਕੇ ਗਏ ਕਦਮਾਂ ਬਾਰੇ ਜਾਣੂ ਕਰਵਾਏਗੀ ਭਗਤ ਨੇ ਸੂਬੇ ਵਿਚ 19 ਟੋਲ ਪਲਾਜ਼ੇ ਬੰਦ ਕੀਤੇ ਜਾਣ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਨਾਲ ਸਫ਼ਰ ਕਰਨ ਵਾਲਿਆਂ ਦੇ ਰੋਜ਼ਾਨਾ ਲਗਭਗ 64 ਲੱਖ ਰੁਪਏ ਦੀ ਬੱਚਤ ਹੋ ਰਹੀ ਹੈ। ਉਨ੍ਹਾਂ ਨੇ 'ਸੜਕ ਸੁਰੱਖਿਆ ਫੋਰਸ' (ਐਸ.ਐਸ.ਐਫ.) ਬਾਰੇ ਦਸਦਿਆਂ ਕਿਹਾ ਕਿ ਇਸ ਪਹਿਲਕਦਮੀ ਨਾਲ 2,700 ਤੋਂ ਵੱਧ ਜਾਨਾਂ ਬਚਾਉਣ ਵਿਚ ਮਦਦ ਮਿਲੀ ਹੈ। ਕੈਬਨਿਟ ਮੰਤਰੀ ਨੇ ਦਸਿਆ ਕਿ ਖੇਤਾਂ ਤਕ ਨਹਿਰੀ ਪਾਣੀ ਪਹੁੰਚਾਉਣ ਲਈ ਲਗਭਗ 14,000 ਕਿਲੋਮੀਟਰ ਲੰਬੀਆਂ ਜ਼ਮੀਨਦੋਜ਼ ਪਾਈਪਲਾਈਨਾਂ ਵਿਛਾਈਆਂ ਗਈਆਂ ਹਨ, ਜਦਕਿ ਸਾਲ ਦੇ ਅਖੀਰ ਤਕ 7,000 ਕਿਲੋਮੀਟਰ ਹੋਰ ਪਾਈਪਲਾਈਨਾਂ ਵਿਛਾਉਣ ਦੀ ਯੋਜਨਾ ਹੈ। ਉਨ੍ਹਾਂ ਕਿਹਾ ਕਿ ਨਹਿਰੀ ਪਾਣੀ ਦੀ ਵਧੀ ਹੋਈ ਵਰਤੋਂ ਸਦਕਾ ਧਰਤੀ ਹੇਠਲੇ ਪਾਣੀ 'ਤੇ ਨਿਰਭਰਤਾ ਘੱਟ ਕਰਨ ਵਿੱਚ ਮਦਦ ਮਿਲੀ ਹੈ। ਬਿਜਲੀ ਖੇਤਰ ਵਿਚ ਪੰਜਾਬ ਸਰਕਾਰ ਦੇ ਉਪਰਾਲਿਆਂ ਦਾ ਵੀ ਜ਼ਿਕਰ ਕੀਤਾ, ਜਿਨ੍ਹਾਂ ਵਿੱਚ ਕਿਸਾਨਾਂ ਨੂੰ ਦਿਨ ਵੇਲੇ ਨਿਰਵਿਘਨ ਬਿਜਲੀ ਸਪਲਾਈ ਅਤੇ ਘਰੇਲੂ ਖਪਤਕਾਰਾਂ ਲਈ 300 ਯੂਨਿਟ ਮੁਫ਼ਤ ਬਿਜਲੀ ਯੋਜਨਾ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਗੋਇੰਦਵਾਲ ਸਾਹਿਬ ਥਰਮਲ ਪਾਵਰ ਪਲਾਂਟ ਦੀ ਖ਼ਰੀਦ ਨੇ ਪੰਜਾਬ ਦੇ ਬਿਜਲੀ ਢਾਂਚੇ ਨੂੰ ਹੋਰ ਮਜ਼ਬੂਤ ਕੀਤਾ ਹੈ। ਰੁਜ਼ਗਾਰ ਬਾਰੇ ਗੱਲ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਸਰਕਾਰ ਦੇ ਕਾਰਜਕਾਲ ਦੌਰਾਨ 71,000 ਤੋਂ ਵੱਧ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ ਅਤੇ ਇਹ ਭਰਤੀ ਨਿਰੋਲ ਮੈਰਿਟ ਦੇ ਆਧਾਰ 'ਤੇ ਬਿਨਾਂ ਕਿਸੇ ਰਿਸ਼ਵਤ ਜਾਂ ਸਿਆਸੀ ਸਿਫ਼ਾਰਸ਼ ਦੇ ਕੀਤੀ ਗਈ ਹੈ। ਇਸ ਤੋਂ ਪਹਿਲਾਂ ਅਪਣੇ ਦਫ਼ਤਰ ਵਿਖੇ ਮੁਹਿੰਮ ਦੀ ਸ਼ੁਰੂਆਤ ਮੌਕੇ ਸਮਾਗਮ ਦੌਰਾਨ ਉਨ੍ਹਾਂ ਕੌਂਸਲਰਾਂ, ਵਰਕਰਾਂ ਤੇ ਸਮਰਥਕਾਂ ਨੂੰ ਸੰਬੋਧਨ ਕਰਦਿਆਂ ਸਭ ਨੂੰ ਹਰ ਘਰ ਤਕ ਪਹੁੰਚਣ ਅਤੇ ਵਸਨੀਕਾਂ ਨੂੰ ਸਰਕਾਰ ਦੀਆਂ ਪ੍ਰਾਪਤੀਆਂ ਬਾਰੇ ਜਾਣੂ ਕਰਵਾਉਣ ਦਾ ਸੱਦਾ ਦਿਤਾ।

ਸਰਹੱਦੀ ਖੇਤਰਾਂ ਦੇ ਵਿਕਾਸ ਲਈ ਲਗਾਤਾਰ ਕੰਮ ਜਾਰੀ : ਕਟਾਰੂਚੱਕ

ਪਠਾਨਕੋਟ, 22 ਸਤੰਬਰ (ਸਸਸ) : ਹਿੰਦ-ਪਾਕਿਸਤਾਨ ਸਰਹੱਦ ਨਾਲ ਲੱਗਦੇ ਖੇਤਰਾਂ ਵਿਚ ਚੱਲ ਰਹੇ ਵਿਸ਼ੇਸ਼ ਵਿਕਾਸ ਕਾਰਜਾਂ ਦਾ ਜਾਇਜ਼ਾ ਲੈਣ ਲਈ ਕੈਬਨਿਟ ਮੰਤਰੀ ਪੰਜਾਬ ਲਾਲ ਚੰਦ ਕਟਾਰੂਚੱਕ ਵਲੋਂ ਅੱਜ ਮਾਖਣਪੁਰ ਅਤੇ ਤਾਸ਼ ਖੇਤਰ ਦਾ ਵਿਸ਼ੇਸ਼ ਦੌਰਾ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਨੇ ਤਾਸ਼ ਤੋਂ ਮਾਖਣਪੁਰ ਅਤੇ ਮਾਖਣਪੁਰ ਤੋਂ ਕੋਹਲਿਆ ਅੱਡੇ ਤਕ ਬਣਾਏ ਜਾ ਰਹੇ ਮੁੱਖ ਮਾਰਗ ਦੇ ਚੱਲ ਰਹੇ ਨਿਰਮਾਣ ਕਾਰਜਾਂ ਦਾ ਮੌਕੇ 'ਤੇ ਪਹੁੰਚ ਕੇ ਨਿਰੀਖਣ ਕੀਤਾ ਅਤੇ ਅਧਿਕਾਰੀਆਂ ਤੇ ਸਬੰਧਤ ਠੇਕੇਦਾਰ ਤੋਂ ਕੰਮ ਦੀ ਪ੍ਰਗਤੀ ਸਬੰਧੀ ਜਾਣਕਾਰੀ ਹਾਸਲ ਕੀਤੀ। ਇਸ ਮੌਕੇ ਜਾਣਕਾਰੀ ਦਿੰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਵਿਧਾਨ ਸਭਾ ਹਲਕਾ ਭੋਆ ਵਿਚ ਸੜਕਾਂ ਦੇ ਨਿਰਮਾਣ ਅਤੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਦੇ ਕਾਰਜ ਜੰਗੀ ਪੱਧਰ 'ਤੇ ਚੱਲ ਰਹੇ ਹਨ। ਉਨ੍ਹਾਂ ਦਸਿਆ ਕਿ ਤਾਸ਼ ਤੋਂ ਮਾਖਣਪੁਰ ਅਤੇ ਮਾਖਣਪੁਰ ਤੋਂ ਕੋਹਲਿਆ ਅੱਡੇ ਤਕ ਬਣਾਏ ਜਾ ਰਹੇ ਮੁੱਖ ਮਾਰਗ ਦੀ ਚੌੜਾਈ ਪਹਿਲਾਂ ਕਰੀਬ 10 ਫ਼ੁੱਟ ਸੀ, ਜਿਸ ਨੂੰ ਹੁਣ ਵਧਾ ਕੇ 18 ਫ਼ੁੱਟ ਕੀਤਾ ਜਾ ਰਿਹਾ ਹੈ।



ਸਾਬਕਾ ਈਡੀ ਅਧਿਕਾਰੀ ਨਿਰੰਜਨ ਸਿੰਘ ਅੱਜ ਹੋਣਗੇ 'ਵਾਰਸ ਪੰਜਾਬ ਦੇ' ਵਿਚ ਸ਼ਾਮਲ



ਚੰਡੀਗੜ੍ਹ, 22 ਸਤੰਬਰ (ਭੁੱਲਰ): ਅਕਾਲੀ ਦਲ ਵਾਰਸ ਪੰਜਾਬ ਵਲੋਂ ਹੁਣ ਸਾਫ਼ ਅਕਸ ਵਾਲੇ ਸੇਵਾ ਮੁਕਤ ਸਾਬਕਾ ਅਧਿਕਾਰੀਆਂ ਨੂੰ ਪਾਰਟੀ ਵਿਚ ਸ਼ਾਮਲ ਕਰਨ ਲਈ ਕੋਸ਼ਿਸ਼ਾਂ ਸ਼ੁਰੂ ਕਰ ਦਿਤੀਆਂ ਗਈਆਂ ਹਨ ਅਤੇ ਇਸ ਵਿਚ ਸਫ਼ਲਤਾ ਵੀ ਮਿਲੀ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਕੇਂਦਰੀ ਏਜੰਸੀ ਈਡੀ ਦੇ ਚਰਚਿਤ ਅਧਿਕਾਰੀ ਰਹੇ ਸਾਬਕਾ ਡਿਪਟੀ ਡਾਇਰੈਕਟਰ ਨਿਰੰਜਨ ਸਿੰਘ 23 ਸਤੰਬਰ ਨੂੰ ਅਕਾਲੀ ਦਲ ਵਾਰਸ ਪੰਜਾਬ ਵਿਚ ਸ਼ਾਮਲ ਹੋ ਰਹੇ ਹਨ। ਉਨ੍ਹਾਂ ਨੂੰ ਕਰਤਾਰਪੁਰ ਹਲਕੇ ਤੋਂ ਉਮੀਦਵਾਰ ਬਣਾਇਆ ਜਾ ਸਕਦਾ ਹੈ। ਪਤਾ ਲਗਾ ਹੈ ਕਿ ਅੱਜ ਪਾਰਟੀ ਦੇ ਆਗੂਆਂ ਤਰਸੇਮ ਸਿੰਘ ਅਤੇ ਮਨਪ੍ਰੀਤ ਸਿੰਘ ਇਯਾਲੀ ਨੇ ਜਲੰਧਰ ਵਿਖੇ ਨਿਰੰਜਨ ਸਿੰਘ ਨਾਲ ਇਕ ਮੀਟਿੰਗ ਵੀ ਕੀਤੀ ਹੈ, ਜਿਸ ਵਿਚ ਉਹ ਵਾਰਸ ਪੰਜਾਬ ਦੇ ਵਿਚ ਸ਼ਾਮਲ ਹੋਣ ਲਈ ਸਹਿਮਤ ਹੋ ਗਏ ਹਨ। ਪਾਰਟੀ ਨੇ 23 ਸਤੰਬਰ ਨੂੰ ਚੰਡੀਗੜ੍ਹ ਵਿਖੇ ਪ੍ਰੈਸ ਕਾਨਫ਼ਰੰਸ ਵੀ ਸੱਦੀ ਹੈ ਜਿਸ ਵਿਚ ਨਿਰੰਜਨ ਸਿੰਘ ਤੇ ਕੁੱਝ ਹੋਰ ਆਗੂ ਸ਼ਾਮਲ ਹੋਣਗੇ। ਵਰਨਣਯੋਗ ਹੈ ਕਿ ਨਿਰੰਜਨ ਸਿੰਘ ਈਡੀ ਵਿਚ ਰਹਿੰਦੇ ਹੋਏ ਪੰਜਾਬ ਦੇ ਭੋਲਾ ਡਰੱਗ ਮਾਮਲੇ ਵਿਚ ਜਾਂਚ ਸਮੇਂ ਚਰਚਾ ਵਿਚ ਆਏ ਸਨ ਅਤੇ ਉਨ੍ਹਾਂ ਨੇ ਬਿਕਰਮ ਮਜੀਠੀਆ ਤੋਂ ਵੀ ਪੁਛਗਿਛ ਕੀਤੀ ਸੀ। ਬਾਅਦ ਵਿਚ ਉਨ੍ਹਾਂ ਦਾ ਤਬਾਦਲਾਂ ਜਲੰਧਰ ਤੋਂ ਬਾਹਰ ਕਰ ਦਿਤਾ ਗਿਆ ਸੀ। ਉਹ 2021 ਵਿਚ ਸੇਵਾ ਮੁਕਤ ਹੋਏ ਹਨ।

ਜੈਮ ਪਬਲਿਕ ਸਕੂਲ ਨੂੰ ਬੰਬ ਨਾਲ ਉਡਾਉਣ ਦੀ ਧਮਕੀ, ਸਕੂਲ ਕਰਵਾਇਆ ਖ਼ਾਲੀ



ਮੋਹਾਲੀ, 22 ਸਤੰਬਰ (ਸਤਵਿੰਦਰ ਸਿੰਘ ਧੜਾਕ) : ਸ਼ਹਿਰ ਦੇ ਸਕੂਲਾਂ ਅਤੇ ਅਦਾਲਤੀ ਕੰਪਲੈਕਸ ਨੂੰ ਬੰਬ ਨਾਲ ਉਡਾਉਣ ਦੀਆਂ ਲਗਾਤਾਰ ਮਿਲ ਰਹੀਆਂ ਧਮਕੀਆਂ ਵਿਚਕਾਰ ਮੰਗਲਵਾਰ ਨੂੰ ਫੇਜ਼-3ਬੀ2 ਸਥਿਤ ਜੈਮ ਪਬਲਿਕ ਸਕੂਲ ਨੂੰ ਵੀ ਬੰਬ ਨਾਲ ਉਡਾਉਣ ਦੀ ਧਮਕੀ ਭਰੀ ਈਮੇਲ ਮਿਲੀ। ਈਮੇਲ ਮਿਲਣ ਦੀ ਜਾਣਕਾਰੀ ਸਕੂਲ ਪ੍ਰਬੰਧਕਾਂ ਨੇ ਤੁਰਤ ਪੁਲਿਸ ਨੂੰ ਦਿਤੀ। ਸੂਚਨਾ ਮਿਲਦੇ ਹੀ ਪੁਲਿਸ ਨੇ ਸਾਵਧਾਨੀ ਵਜੋਂ ਸਕੂਲ ਕੰਪਲੈਕਸ ਖ਼ਾਲੀ ਕਰਵਾ ਦਿਤਾ ਤੇ ਬੰਬ ਨਿਰੋਧਕ ਦਸਤੇ ਤੇ ਐਂਟੀ-ਸਾਬੋਟਾਜ਼ ਟੀਮ ਨੂੰ ਮੌਕੇ 'ਤੇ ਬੁਲਾਇਆ। ਟੀਮਾਂ ਨੇ ਸਕੂਲ ਦੀ ਇਮਾਰਤ ਦੇ ਅੰਦਰਲੇ ਹਿਸਿਆਂ ਦੇ ਨਾਲ-ਨਾਲ ਆਸ-ਪਾਸ ਦੇ ਇਲਾਕੇ ਦੀ ਵੀ ਬਾਰੀਕੀ ਨਾਲ ਜਾਂਚ ਕੀਤੀ। ਪੁਲਿਸ ਅਤੇ ਸੁਰੱਖਿਆ ਟੀਮਾਂ ਵਲੋਂ ਹਰ ਸੰਭਵ ਥਾਂ ਦੀ ਤਲਾਸ਼ੀ ਲਈ ਗਈ, ਪਰ ਜਾਂਚ ਦੌਰਾਨ ਕੋਈ ਸ਼ੱਕੀ ਜਾਂ ਇਤਰਾਜ਼ਯੋਗ ਵਸਤੂ ਨਹੀਂ ਮਿਲੀ। ਇਸ ਦੌਰਾਨ ਸਕੂਲ ਦੇ ਬਾਹਰ ਪੁਲਿਸ ਮੁਲਾਜ਼ਮ ਤਾਇਨਾਤ ਰਹੇ ਅਤੇ ਸੁਰੱਖਿਆ ਪ੍ਰਬੰਧ ਸੰਭਾਲੇ ਗਏ। ਸੁਰੱਖਿਆ ਨੂੰ ਧਿਆਨ ਵਿਚ ਰਖਦਿਆਂ ਸਕੂਲ ਪ੍ਰਬੰਧਕਾਂ ਨੇ ਮੰਗਲਵਾਰ ਦੀਆਂ ਕਲਾਸਾਂ ਮੁਲਤਵੀ ਕਰ ਕੇ ਬੱਚਿਆਂ ਦੀ ਛੁੱਟੀ ਕਰ ਦਿਤੀ। ਧਮਕੀ ਦੀ ਜਾਣਕਾਰੀ ਮਿਲਣ ਤੋਂ ਬਾਅਦ ਵਿਦਿਆਰਥੀਆਂ ਦੇ ਮਾਪਿਆਂ ਨੂੰ ਵੀ ਸੂਚਿਤ ਕੀਤਾ ਗਿਆ। ਦੂਰ-ਦੁਰਾਡੇ ਇਲਾਕਿਆਂ ਤੋਂ ਸਕੂਲ ਆਉਣ ਵਾਲੇ ਬੱਚਿਆਂ ਨੂੰ ਸਕੂਲ ਬਸਾਂ ਰਾਹੀਂ ਸੁਰੱਖਿਅਤ ਉਨ੍ਹਾਂ ਦੇ ਘਰਾਂ ਤਕ ਪਹੁੰਚਾਇਆ ਗਿਆ। ਐਸਪੀ ਸਿਟੀ ਦਿਲਪ੍ਰੀਤ ਸਿੰਘ ਨੇ ਦਸਿਆ ਕਿ ਧਮਕੀ ਵਾਲੀ ਈਮੇਲ ਮਿਲਣ ਤੋਂ ਬਾਅਦ ਪੂਰੇ ਸਕੂਲ ਕੰਪਲੈਕਸ ਦੀ ਜਾਂਚ ਕਰਵਾਈ ਗਈ। ਬੰਬ ਨਿਰੋਧਕ ਦਸਤੇ ਅਤੇ ਐਂਟੀ-ਸਾਬੋਟਾਜ਼ ਟੀਮ ਨੇ ਸਕੂਲ ਦੇ ਅੰਦਰ ਅਤੇ ਆਸ-ਪਾਸ ਦੇ ਇਲਾਕੇ ਦੀ ਜਾਂਚ ਕੀਤੀ, ਪਰ ਕੋਈ ਸ਼ੱਕੀ ਵਸਤੂ ਨਹੀਂ ਮਿਲੀ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਫ਼ਵਾਹਾਂ 'ਤੇ ਧਿਆਨ ਨਾ ਦੇਣ ਅਤੇ ਕਿਸੇ ਵੀ ਸ਼ੱਕੀ ਵਸਤੂ ਜਾਂ ਗਤੀਵਿਧੀ ਬਾਰੇ ਤੁਰਤ ਪੁਲਿਸ ਨੂੰ ਸੂਚਿਤ ਕਰਨ।

ਲੁਧਿਆਣਾ 'ਚ ਨਿਹੰਗ ਬਾਣਾ ਪਾ ਕੇ ਚੋਰੀ ਕਰਨ ਵਾਲਾ ਕਾਬੂ

ਸੀ.ਸੀ.ਟੀ.ਵੀ. ਸਾਹਮਣੇ ਆਉਣ ਤੋਂ ਬਾਅਦ ਮੁਲਜ਼ਮ ਨੂੰ ਨਿਹੰਗ ਸਿੰਘਾਂ ਨੇ ਕੀਤਾ ਕਾਬੂ


ਲੁਧਿਆਣਾ, 22 ਸਤੰਬਰ (ਪਪ) : ਬਾਬਾ ਕੁਲਦੀਪ ਸਿੰਘ ਨੇ ਅਪਣੇ ਸਾਥੀਆਂ ਨਾਲ ਮਿਲ ਕੇ ਲੁਧਿਆਣਾ ਵਿਚ ਇਕ ਨੌਜਵਾਨ ਨੂੰ ਫੜਿਆ ਜਿਸ ਨੇ ਕਥਿਤ ਤੌਰ 'ਤੇ ਨਿਹੰਗ ਪੱਗ ਬੰਨ੍ਹ ਕੇ ਚੋਰੀ ਕੀਤੀ ਸੀ। ਕੁਝ ਦਿਨ ਪਹਿਲਾਂ, ਇਕ ਵੀਡੀਓ ਸਾਹਮਣੇ ਆਇਆ ਸੀ ਜਿਸ ਵਿਚ ਨੌਜਵਾਨ ਰਾਮ ਨਗਰ ਇਲਾਕੇ ਵਿਚ ਇੱਕ ਦੁਕਾਨ ਤੋਂ 35,000 ਚੋਰੀ ਕਰ ਰਿਹਾ ਸੀ। ਵੀਡੀਓ ਵਾਇਰਲ ਹੋਣ ਤੋਂ ਬਾਅਦ ਬਾਬਾ ਕੁਲਦੀਪ ਸਿੰਘ ਨੂੰ ਇਸ ਬਾਰੇ ਪਤਾ ਲੱਗਾ। ਫਿਰ ਉਨ੍ਹਾਂ ਨੇ ਅਪਣੇ ਸਾਥੀਆਂ ਨੂੰ ਨੌਜਵਾਨ ਦੀ ਭਾਲ ਲਈ ਭੇਜਿਆ। ਨੌਜਵਾਨ ਦੇ ਫੜੇ ਜਾਣ ਤੋਂ ਬਾਅਦ ਬਾਬਾ ਕੁਲਦੀਪ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਉਸ ਨੂੰ ਕੁੱਟਿਆ। ਉਸ ਦਾ ਨਿਹੰਗ ਧਨੁਸ਼ ਲਾਹ ਲਿਆ ਗਿਆ ਅਤੇ ਉਸ ਦੇ ਹਥਿਆਰ ਜ਼ਬਤ ਕਰ ਲਏ ਗਏ। ਬਾਬਾ ਕੁਲਦੀਪ ਸਿੰਘ ਨੇ ਕਿਹਾ ਕਿ ਕੁਝ ਲੋਕ ਨਿਹੰਗ ਪਹਿਰਾਵੇ ਦੀ ਆੜ ਵਿਚ ਅਪਰਾਧਕ ਗਤੀਵਿਧੀਆਂ ਨੂੰ ਅੰਜਾਮ ਦੇ ਰਹੇ ਹਨ। ਅਜਿਹੇ ਵਿਅਕਤੀ ਪੂਰੇ ਨਿਹੰਗ ਭਾਈਚਾਰੇ ਨੂੰ ਬਦਨਾਮ ਕਰਦੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਅਜਿਹੇ ਵਿਅਕਤੀਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਫੜਨ ਲਈ ਇੱਕ ਟੀਮ ਬਣਾਈ ਹੈ। ਗ੍ਰਿਫ਼ਤਾਰ ਕੀਤੇ ਗਏ ਨੌਜਵਾਨ ਨੇ ਮੰਨਿਆ ਕਿ ਉਸ ਨੇ ਰਾਮ ਨਗਰ ਦੀ ਇੱਕ ਦੁਕਾਨ ਤੋਂ ਲਗਭਗ 35,000 ਰੁਪਏ ਚੋਰੀ ਕੀਤੇ ਸਨ। ਬਾਬਾ ਕੁਲਦੀਪ ਸਿੰਘ ਨੇ ਕਿਹਾ ਕਿ ਜਿਸ ਦੁਕਾਨ 'ਤੇ ਚੋਰੀ ਹੋਈ ਹੈ, ਉਸ ਦੇ ਮਾਲਕ ਦੇ ਘਰ ਵਿੱਚ ਅਸ਼ਾਂਤੀ ਦਾ ਮਾਹੌਲ ਹੈ। ਗ੍ਰਿਫ਼ਤਾਰ ਨੌਜਵਾਨ ਦੀ ਪੱਗ ਉਤਾਰ ਦਿਤੀ ਗਈ ਹੈ ਅਤੇ ਉਸ ਦੇ ਹਥਿਆਰ ਜ਼ਬਤ ਕਰ ਲਏ ਗਏ ਹਨ। ਉਨ੍ਹਾਂ ਚੇਤਾਵਨੀ ਦਿਤੀ ਕਿ ਜੇਕਰ ਉਹ ਦੁਬਾਰਾ ਪੱਗ ਬੰਨ੍ਹਦਾ ਹੈ ਅਤੇ ਅਜਿਹਾ ਕੰਮ ਕਰਦਾ ਹੈ ਤਾਂ ਉਸ ਵਿਰੁਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਕਿਸਾਨਾਂ ਨੂੰ ਜੁਰਮਾਨੇ ਲਾ ਕੇ ਦਿੱਲੀ ਦਾ ਪ੍ਰਦੂਸ਼ਣ ਨਹੀਂ ਘਟੇਗਾ : ਬਾਜਵਾ



ਚੰਡੀਗੜ੍ਹ, 22 ਸਤੰਬਰ (ਭੁੱਲਰ): ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਪਰਾਲੀ ਸਾੜਨ ਦੇ ਮਾਮਲੇ 'ਤੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ ਸਖ਼ਤ ਚੇਤਾਵਨੀ ਦਿੰਦਿਆਂ ਕਿਹਾ ਕਿ ਕਿਸਾਨਾਂ ਦੀਆਂ ਜੇਬਾਂ 'ਤੇ ਜੁਰਮਾਨੇ ਲਾ ਕੇ ਦਿੱਲੀ ਦਾ ਪ੍ਰਦੂਸ਼ਣ ਖ਼ਤਮ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਕਿਸਾਨਾਂ ਨੂੰ ਕਟਹਿਰੇ ਵਿਚ ਖੜਾ ਕਰਨ ਦੀ ਬਜਾਏ ਉਨ੍ਹਾਂ ਨਾਲ ਖੜ੍ਹਨਾ ਚਾਹੀਦਾ ਹੈ। ਬਾਜਵਾ ਨੇ ਕਿਹਾ ਕਿ ਕੇਂਦਰੀ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਪ੍ਰੀਵਰਤਨ ਮੰਤਰਾਲੇ ਅਧੀਨ ਆਉਂਦੇ ਕਮਿਸ਼ਨ ਫ਼ਾਰ ਏਅਰ ਕੁਆਲਿਟੀ ਮੈਨੇਜਮੈਂਟ ਵਲੋਂ ਪਰਾਲੀ ਸਾੜਨ ਲਈ 5,000, 10,000 ਅਤੇ 30,000 ਤਕ ਦਾ ਵਾਤਾਵਰਣ ਮੁਆਵਜ਼ਾ ਨਿਰਧਾਰਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪਰਾਲੀ ਸਾੜਨ ਦੇ ਹੱਕ ਵਿਚ ਕੋਈ ਨਹੀਂ, ਮੈਂ ਵੀ ਨਹੀਂ। ਪਰ ਭਾਜਪਾ ਸਰਕਾਰ ਨੂੰ ਇਹ ਸਮਝਣਾ ਪਵੇਗਾ ਕਿ ਕਿਸਾਨ ਕੋਈ ਅਪਰਾਧੀ ਨਹੀਂ ਜਿਸ ਸਮੱਸਿਆ ਦੇ ਹੱਲ ਲਈ ਕਿਸਾਨ ਨੂੰ ਅਪਣੀ ਜੇਬ ਵਿਚੋਂ ਵਾਧੂ ਖ਼ਰਚ ਕਰਨਾ ਪੈਂਦਾ ਹੈ, ਉਸ ਦਾ ਸਾਰਾ ਬੋਝ ਵੀ ਕਿਸਾਨ ਦੇ ਸਿਰ ਨਹੀਂ ਪਾਇਆ ਜਾ ਸਕਦਾ। ਬਾਜਵਾ ਨੇ ਕਿਹਾ ਕਿ ਜਦੋਂ ਸਰਕਾਰ ਕਿਸਾਨ ਨੂੰ ਕਹਿੰਦੀ ਹੈ ਕਿ ਪਰਾਲੀ ਨਾ ਸਾੜੋ, ਤਾਂ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਕਿਸਾਨ ਨੂੰ ਇਸ ਦਾ ਵਿਹਾਰਕ ਅਤੇ ਆਰਥਕ ਵਿਕਲਪ ਵੀ ਦੇਵੇ।

ਫਿਲੌਰ ਪੁਲਿਸ ਵਲੋਂ ਨਾਜਾਇਜ਼ ਪਿਸਤੌਲ, ਜ਼ਿੰਦਾ ਰੌਂਦ ਤੇ ਨਸ਼ੀਲੀਆਂ ਗੋਲੀਆਂ ਸਮੇਤ ਚਾਰ ਕਾਬੂ



ਫਿਲੌਰ, 22 ਸਤੰਬਰ (ਲਾਲ ਕਮਲ) : ਫਿਲੌਰ ਦੀ ਪੁਲਿਸ ਨੇ ਚਾਰ ਵਿਅਕਤੀਆਂ ਨੂੰ ਕਾਬੂ ਕਰਕੇ ਉਨ੍ਹਾਂ ਕੋਲੋਂ ਇਕ 32 ਬੋਰ ਪਿਸਤੌਲ ਸਮੇਤ ਮੈਗਜ਼ੀਨ, ਜ਼ਿੰਦਾ ਰੌਂਦ ਅਤੇ 200 ਨਸ਼ੀਲੀਆਂ ਗੋਲੀਆਂ ਬਰਾਮਦ ਕਰਨ ਦਾ ਦਾਅਵਾ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਪਾਰਸ ਪੁੱਤਰ ਮਨੀ ਲਾਲ ਵਾਸੀ ਰਿਸ਼ੀ ਨਗਰ ਫਿਲੌਰ, ਗੁਰੀ ਮੱਟੂ ਪੁੱਤਰ ਯਿਸੂ ਕੁਮਾਰ ਵਾਸੀ ਲੁਧਿਆਣਾ, ਯੁਗਰਾਜ ਸਿੰਘ ਉਰਫ ਯੁਵੀ ਪੁੱਤਰ ਸੰਦੀਪ ਸਿੰਘ ਵਾਸੀ ਡਾ. ਅੰਬੇਦਕਰ ਨਗਰ, ਫਿਲੌਰ ਅਤੇ ਸੰਦੀਪ ਸਿੰਘ ਪੁੱਤਰ ਕਰਨ ਸਿੰਘ ਵਾਸੀ ਡਾ. ਅੰਬੇਦਕਰ ਨਗਰ, ਫਿਲੌਰ ਵਜੋਂ ਹੋਈ ਹੈ। ਉਨ੍ਹਾਂ ਕੋਲੋਂ 1 ਪਸਤੌਲ 32 ਬੋਰ ਸਮੇਤ ਮੈਗਜ਼ੀਨ ਜ਼ਿੰਦਾ 32 ਬੋਰ ਦੇ ਰੌਂਦ ਅਤੇ 200 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਗਈਆਂ। ਥਾਣਾ ਫਿਲੌਰ ਵਿਖੇ ਮਾਮਲਾ ਦਰਜ ਕੀਤਾ ਗਿਆ ਹੈ। ਪੁਲਿਸ ਵਲੋਂ ਚਾਰਾਂ ਮੁਲਜ਼ਮਾਂ ਨੂੰ ਅਦਾਲਤ ਵਿਚ ਪੇਸ਼ ਕਰਕੇ ਪੁੱਛਗਿੱਛ ਲਈ ਰਿਮਾਂਡ ਹਾਸਲ ਕੀਤਾ ਹੈ।

ਤਿੰਨ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ

ਲੁਧਿਆਣਾ 22 ਸਤੰਬਰ (ਐਸ.ਪੀ. ਜੋਸ਼ੀ) : ਮਹਾਨਗਰ ਦੇ ਤਿੰਨ ਨਿਜੀ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਭਰੀ ਈ-ਮੇਲ ਮਿਲਣ ਤੋਂ ਬਾਅਦ ਹੜਕੰਪ ਮਚ ਗਿਆ। ਈ-ਮੇਲ ਵਿਚ ਸਕੂਲਾਂ ਨੂੰ ਨਿਸ਼ਾਨਾ ਬਣਾਉਣ ਦੀ ਧਮਕੀ ਦੇ ਨਾਲ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਵੀ ਪੰਜਾਬ ਦੇ ਪ੍ਰਸਤਾਵਤ ਦੌਰੇ ਦੌਰਾਨ ਨਿਸ਼ਾਨਾ ਬਣਾਉਣ ਦੀ ਗੱਲ ਕਹੀ ਗਈ। ਸੂਚਨਾ ਮਿਲਦਿਆਂ ਹੀ ਪੁਲਿਸ ਨੇ ਤੁਰਤ ਮੋਰਚਾ ਸੰਭਾਲਦਿਆਂ ਤਿੰਨਾਂ ਸਕੂਲਾਂ ਵਿਚ ਤਲਾਸ਼ੀ ਮੁਹਿੰਮ ਸ਼ੁਰੂ ਕਰ ਦਿਤੀ। ਧਮਕੀ ਭਰੀ ਈ-ਮੇਲ ਮਾਡਲ ਟਾਊਨ ਐਕਸਟੈਂਸ਼ਨ, ਦੁਗਰੀ ਅਤੇ ਸ਼ੇਰਪੁਰ ਇਲਾਕੇ ਵਿਚ ਸਥਿਤ ਤਿੰਨ ਨਿਜੀ ਸਕੂਲਾਂ ਨੂੰ ਪ੍ਰਾਪਤ ਹੋਈ। ਈ-ਮੇਲ ਮਿਲਦੇ ਹੀ ਸਕੂਲ ਪ੍ਰਬੰਧਕਾਂ ਨੇ ਬਿਨਾਂ ਦੇਰੀ ਪੁਲਿਸ ਨੂੰ ਸੂਚਿਤ ਕੀਤਾ। ਇਸ ਤੋਂ ਬਾਅਦ ਪੁਲਿਸ ਟੀਮਾਂ ਦੇ ਨਾਲ ਐਂਟੀ-ਸਾਬੋਟਾਜ ਟੀਮਾਂ ਸਕੂਲਾਂ ਵਿਚ ਪਹੁੰਚੀਆਂ ਅਤੇ ਸੁਰੱਖਿਆ ਦੇ ਮੱਦੇਨਜ਼ਰ ਵਿਦਿਆਰਥੀਆਂ ਤੇ ਸਟਾਫ਼ ਨੂੰ ਬਾਹਰ ਕੱਢ ਦਿਤਾ ਗਿਆ। ਧਮਕੀ ਦੀ ਖ਼ਬਰ ਫੈਲਦੇ ਹੀ ਬੱਚਿਆਂ ਦੇ ਮਾਪਿਆਂ ਵਿਚ ਵੀ ਚਿੰਤਾ ਪੈਦਾ ਹੋ ਗਈ। ਕਈ ਮਾਪੇ ਅਪਣੇ ਕੰਮਕਾਜ ਵਾਲੀਆਂ ਥਾਵਾਂ ਤੋਂ ਤੁਰਤ ਸਕੂਲਾਂ ਵਲ ਪਹੁੰਚੇ ਅਤੇ ਅਪਣੇ ਬੱਚਿਆਂ ਨੂੰ ਘਰ ਲੈ ਗਏ। ਪੁਲਿਸ ਅਧਿਕਾਰੀਆਂ ਮੁਤਾਬਕ ਐਂਟੀ-ਸਾਬੋਟਾਜ ਟੀਮਾਂ ਵਲੋਂ ਸਕੂਲਾਂ ਦੇ ਅੰਦਰ ਅਤੇ ਆਲੇ-ਦੁਆਲੇ ਬਾਰੀਕੀ ਨਾਲ ਜਾਂਚ ਕੀਤੀ ਗਈ, ਪਰ ਕੋਈ ਵੀ ਸ਼ੱਕੀ ਵਸਤੂ ਜਾਂ ਵਿਸਫੋਟਕ ਸਮੱਗਰੀ ਨਹੀਂ ਮਿਲੀ। ਮੁੱਢਲੀ ਜਾਂਚ ਤੋਂ ਬਾਅਦ ਪੁਲਿਸ ਨੇ ਧਮਕੀ ਭਰੀ ਈ-ਮੇਲ ਨੂੰ ਝੂਠੀ ਈ-ਮੇਲ ਦਸਿਆ ਹੈ। ਪੁਲਿਸ ਦੀ ਸਾਈਬਰ ਟੀਮ ਵੱਲੋਂ ਹੁਣ ਈ-ਮੇਲ ਭੇਜਣ ਵਾਲੇ ਦੀ ਪਛਾਣ ਅਤੇ ਇਸ ਦੇ ਸਰੋਤ ਦਾ ਪਤਾ ਲਗਾਉਣ ਲਈ ਜਾਂਚ ਕੀਤੀ ਜਾ ਰਹੀ ਹੈ।

.ਫ਼ਾਜ਼ਿਲਕਾ 'ਚ ਨੌਜਵਾਨ ਦੀ ਨਸ਼ੇ ਦੀ ਓਵਰਡੋਜ਼ ਕਾਰਨ ਮੌਤ

ਫ਼ਾਜ਼ਿਲਕਾ 22 ਸਤੰਬਰ (ਅਨੇਜਾ) : ਫ਼ਾਜ਼ਿਲਕਾ ਦੇ ਬਲਾਕ ਅਰਨੀਵਾਲਾ ਦੇ ਪਿੰਡ ਢਿੰਪਾਂਵਾਲਾ ਦੇ 24 ਸਾਲ ਦੇ ਨੌਜਵਾਨ ਸਤਨਾਮ ਸਿੰਘ ਦੀ ਚਿੱਟੇ ਦੀ ਓਵਰਡੋਜ਼ ਨਾਲ ਮੌਤ ਹੋ ਗਈ। ਮ੍ਰਿਤਕ ਦੀ ਲਾਸ਼ ਪਿੰਡ ਤੋਂ ਦੂਰ ਨਹਿਰ ਦੇ ਪੁਲ 'ਤੇ ਪਈ ਹੋਈ ਮਿਲੀ। ਜਿਸ ਦੇ ਕੋਲ ਇਕ ਸਰਿੰਜ, ਲਾਈਟਰ, ਬੀੜੀਆਂ ਤੇ ਪਾਣੀ ਦਾ ਗਿਲਾਸ ਵੀ ਪਿਆ ਹੋਇਆ ਸੀ ਜਿਸ ਤੋਂ ਜਾਪ ਰਿਹਾ ਹੈ ਕਿ ਉਕਤ ਮ੍ਰਿਤਕ ਵਿਅਕਤੀ ਵਲੋਂ ਕਥਿਤ ਨਸ਼ੇ ਦਾ ਟੀਕਾ ਲਾਇਆ ਗਿਆ ਹੋਵੇ। ਮੌਕੇ 'ਤੇ ਮੌਜੂਦ ਮ੍ਰਿਤਕ ਸਤਨਾਮ ਸਿੰਘ ਦੀ ਮਾਂ ਨੇ ਰੋਂਦਿਆਂ ਹੋਇਆਂ ਦਸਿਆ ਕਿ ਉਸ ਦਾ ਪੁੱਤ ਸਵੇਰੇ ਹੀ ਘਰੋਂ ਰੋਟੀ ਖਾ ਕੇ ਮਜ਼ਦੂਰੀ ਕਰਨ ਵਾਸਤੇ ਨਿਕਲਿਆ ਸੀ। ਕੁਝ ਸਮੇਂ ਬਾਅਦ ਹੀ ਉਨ੍ਹਾਂ ਨੂੰ ਪਤਾ ਲੱਗਿਆ ਕਿ ਉਸ ਦਾ 24 ਸਾਲਾ ਜਵਾਨ ਪੁੱਤ ਨਹਿਰ ਦੇ ਪੁਲ 'ਤੇ ਬੇਹੋਸ਼ ਡਿੱਗਿਆ ਪਿਆ ਹੈ। ਜਦੋਂ ਅਸੀਂ ਆ ਕੇ ਦੇਖਿਆ ਤਾਂ ਉਹ ਮਰ ਚੁੱਕਿਆ ਸੀ। ਦੁਖਿਆਰੀ ਮਾਂ ਨੇ ਦਸਿਆ ਕਿ ਉਸ ਦਾ ਪੁੱਤ ਨਸ਼ੇ ਦਾ ਆਦੀ ਸੀ, ਮੈਂ ਬਹੁਤ ਵਾਰ ਉਸ ਨੂੰ ਨਸ਼ਾ ਕਰਨ ਤੋਂ ਰੋਕਿਆ ਸੀ ਪਰ ਉਹ ਨਹੀਂ ਰੁਕਿਆ ਅਤੇ ਅੱਜ ਲਾਸ਼ ਬਣ ਗਿਆ। ਉਨ੍ਹਾਂ ਪ੍ਰਸ਼ਾਸਨ ਤੋਂ ਨਸ਼ਾ ਤਸਕਰਾਂ ਵਿਰੁਧ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ।

ਸਾਈਕਲਿੰਗ ਕੋਚ ਵਿਰੁਧ ਜਬਰ-ਜਨਾਹ ਦਾ ਮਾਮਲਾ ਦਰਜ

ਪਟਿਆਲਾ, 22 ਸਤੰਬਰ (ਥਿੰਦ) : ਪਟਿਆਲਾ ਸਥਿਤ ਨੇਤਾਜੀ ਸੁਭਾਸ਼ ਨੈਸ਼ਨਲ ਇੰਸਟੀਚਿਊਟ ਆਫ਼ ਸਪੋਰਟਸ ਵਿਚ ਸਾਈਕਲਿੰਗ ਕੋਚ ਮੈਕਸਾਟ ਅਜਾਇਬਾਏਵ ਵਿਰੁਧ ਨਾਬਾਲਗ ਖਿਡਾਰਨ ਨਾਲ ਕਥਿਤ ਜਬਰ-ਜਨਾਹ ਦੇ ਮਾਮਲੇ ਵਿਚ ਐਫ.ਆਈ.ਆਰ. ਦਰਜ ਕੀਤੀ ਗਈ ਹੈ। ਦੋਸ਼ੀ ਕੋਚ ਕਜ਼ਾਕਿਸਤਾਨ ਦਾ ਰਹਿਣ ਵਾਲਾ ਦਸਿਆ ਜਾ ਰਿਹਾ ਹੈ। ਪਟਿਆਲਾ ਦੇ ਐਸ.ਪੀ. ਸਿਟੀ ਮੋਹਿਤ ਅਗਰਵਾਲ ਨੇ ਦਸਿਆ ਕਿ ਪੁਲਿਸ ਨੂੰ ਇਹ ਮਾਮਲਾ 18 ਸਤੰਬਰ ਨੂੰ ਰਿਪੋਰਟ ਹੋਇਆ ਸੀ। ਨਾਬਾਲਗ ਖਿਡਾਰਨ ਵਲੋਂ ਦਿਤੇ ਬਿਆਨ ਤੇ ਸਬੰਧਤ ਅਧਿਕਾਰੀਆਂ ਤੋਂ ਮਿਲੀ ਜਾਣਕਾਰੀ ਦੇ ਆਧਾਰ 'ਤੇ ਪੁਲਿਸ ਨੇ ਤੁਰਤ ਐਫਆਈਆਰ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿਤੀ। ਪੁਲਿਸ ਮੁਤਾਬਕ ਸ਼ਿਕਾਇਤ ਵਿਚ ਕਥਿਤ ਘਟਨਾ 13 ਸਤੰਬਰ ਦੀ ਦੱਸੀ ਗਈ ਹੈ। ਮਾਮਲਾ ਸਾਹਮਣੇ ਆਉਂਦੇ ਹੀ ਪੁਲਿਸ ਦੀਆਂ ਵਿਸ਼ੇਸ਼ ਟੀਮਾਂ ਦੋਸ਼ੀ ਦੀ ਭਾਲ ਵਿਚ ਸਰਗਰਮ ਕਰ ਦਿਤੀਆਂ ਗਈਆਂ। ਪੁਲਿਸ ਨੂੰ ਜਾਣਕਾਰੀ ਮਿਲੀ ਸੀ ਕਿ ਦੋਸ਼ੀ ਕੋਚ ਦਿੱਲੀ ਵਿਚ ਕਿਸੇ ਕੈਂਪ ਵਿਚ ਮੌਜੂਦ ਹੋ ਸਕਦਾ ਹੈ। ਇਸ ਤੋਂ ਬਾਅਦ ਪਟਿਆਲਾ ਪੁਲਿਸ ਦੀਆਂ ਟੀਮਾਂ ਦਿੱਲੀ ਪਹੁੰਚੀਆਂ ਤੇ ਸਬੰਧਤ ਅਧਿਕਾਰੀਆਂ ਨਾਲ ਤਾਲਮੇਲ ਕੀਤਾ। ਹਾਲਾਂਕਿ ਦੋਸ਼ੀ ਉੱਥੇ ਨਹੀਂ ਮਿਲਿਆ, ਪਰ ਪੁਲਿਸ ਨੇ ਉਸ ਦਾ ਪਾਸਪੋਰਟ ਬਰਾਮਦ ਕਰ ਕੇ ਅਪਣੇ ਕਬਜ਼ੇ ਵਿਚ ਲੈ ਲਿਆ ਹੈ।

ਫੀਨਿਕਸ ਏਆਰਸੀ ਲਿਮਟਿਡ (Phoenix ARC)

ਰਜਿ. ਦਫ਼ਤਰ : ਤੀਜੀ ਮੰਜ਼ਿਲ, ਵਾਲੇਸ ਟਾਵਰਜ਼ (ਪਹਿਲਾਂ ਸ਼ਿਵਾ ਬਿਲਡਿੰਗ ਵਜੋਂ ਜਾਣਿਆ ਜਾਂਦਾ) 139/140/ਬੀ/1, ਕ੍ਰਾਸਿੰਗ ਆਫ਼ ਸਾਹਰ ਰੋਡ ਅਤੇ ਵੈਸਟਰਨ ਐਕਸਪ੍ਰੈਸ ਹਾਈਵੇ, ਵਿਲੇ ਪਾਰਲੇ (ਈਸਟ), ਮੁੰਬਈ-400 057
(ਟੈਲੀ.) : 022-6849 2450, (ਫੈਕਸ) : 022-6741 2313, CIN : U67190MH2007PTC168303,
ਈਮੇਲ : info@phoenixarc.co.in, ਵੈਬਸਾਈਟ : www.phoenixarc.co.in

ਐਸਟਸ ਦੀ ਆਨਲਾਈਨ ਈ-ਨਿਲਾਮੀ ਵਿਕਰੀ

ਸਕਿਓਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ਼ ਫ਼ਾਈਨੈਂਸ਼ੀਅਲ ਐਸੇਟਸ ਐਂਡ ਇੰਫ਼ੋਰਸਮੈਂਟ ਆਫ਼ ਸਕਿਉਰਿਟੀ ਇੰਟਰੱਸਟ ਐਕਟ 2002 (ਸਰਫਾਇਸੀ ਐਕਟ) ਨਾਲ ਪੜ੍ਹੇ ਜਾਂਦੇ ਸਕਿਓਰਿਟੀ ਇਟਰਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲਜ਼ 8 ਅਤੇ 9 ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਅਤੇ ਉਕਤ ਸਰਫਾਇਸੀ ਐਕਟ ਅਤੇ ਰੂਲਜ਼ ਅਧੀਨ ਅਧਿਕਾਰਤ ਅਫ਼ਸਰ ਕੋਲ ਕਰਜ਼ਦਾਰ/ਗਰੰਟਰਾਂ ਦੇ ਗਿਰਵੀ ਸਕਿਓਰਡ ਐਸਟਸ ਦਾ ਕਬਜ਼ਾ ਲੈ ਕੇ ਸਕਿਓਰਡ ਡੈਬਟਸ ਦੀ ਵਸੂਲੀ ਲਈ ਅਧਿਕਾਰਤ ਅਫ਼ਸਰ ਨੇ ਜਨਤਕ ਨਿਲਾਮੀ ਰਾਹੀਂ ਸਕਿਓਰਡ ਐਸਟਸ ਨੂੰ ਵੇਚਣ ਦਾ ਫੈਸਲਾ ਕੀਤਾ ਹੈ।
ਆਮ ਜਨਤਾ ਅਤੇ ਕਰਜ਼ਦਾਰ/ਗਰੰਟਰਾਂ/ਗਿਰਵੀਕਾਰਾਂ ਗਰੰਟਰਾਂ ਨੂੰ ਵਿਸ਼ੇਸ਼ ਕਰਕੇ ਸੂਚਿਤ ਕੀਤਾ ਜਾਂਦਾ ਹੈ ਕਿ ਫੋਨਿਕਸ ਏਆਰਸੀ ਲਿਮਟਿਡ (ਪਹਿਲਾਂ ਫੋਨਿਕਸ ਏਆਰਸੀ ਪ੍ਰਾਈਵੇਟ ਲਿਮਟਿਡ ਵਜੋਂ ਜਾਣਿਆ ਜਾਂਦਾ), ਫੋਨਿਕਸ ਟ੍ਰਸਟ 26-13 (ਫੋਨਿਕਸ) ਦੇ ਟਰੱਸਟੀ ਦੀ ਸਮਰੱਥਾ ਵਜੋਂ (ਵਰਥਾਨਾ ਫਾਈਨਾਂਸ ਪ੍ਰਾਈਵੇਟ ਲਿਮਟਿਡ ਰਾਹੀਂ ਕਰਜ਼ੇ ਦੀ ਅਸਾਈਨਮੈਂਟ ਦੀ ਪਾਲਣਾ ਕਰਦਿਆਂ) (ਪਹਿਲਾਂ ਥੀਰੂਮੇਨੀ ਫਾਈਨਾਂਸ ਪ੍ਰਾਈਵੇਟ ਲਿਮਟਿਡ ਵਜੋਂ ਜਾਣਿਆ ਜਾਂਦਾ) ਹੇਠ ਦਰਸਾਏ ਅਨੁਸਾਰ (ਅਸਾਈਨਰ ਬੈਂਕ) (ਹੋਰ ਵਿਸ਼ੇਸ਼ ਤੌਰ 'ਤੇ ਹੇਠ ਦਰਸਾਏ ਸਬੰਧਤ ਅਸਾਈਨਮੈਂਟ ਐਗਰੀਮੈਂਟਸ ਤਹਿਤ ਫੋਨਿਕਸ ਦੇ ਪੱਖ ਵਿਚ) ਉਸ ਕੋਲ ਗਿਰਵੀ ਹੇਠ ਦਰਸਾਈਆਂ ਜਾਇਦਾਦਾਂ 'ਜਿਵੇਂ ਜਿੱਥੇ ਹੈ, ਜਿਵੇਂ ਉੱਥੇ ਹੈ ਅਤੇ ਬਿਨਾਂ ਕਿਸੇ ਵਸੀਲੇ ਤੋਂ ਦੇ ਆਧਾਰ 'ਤੇ' ਦੀ ਸ਼ਰਤ 'ਤੇ "ਆਨਲਾਈਨ ਈ-ਨਿਲਾਮੀ" ਰਾਹੀਂ ਬਕਾਇਆ ਅਤੇ ਅਗਾਊਂ ਵਿਆਜ, ਚਾਰਜਿਜ਼ ਅਤੇ ਲਾਗਤਾਂ ਆਦਿ ਦੀ ਵਸੂਲੀ ਲਈ ਸਕਿਓਰਿਟੀ ਇਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਅਤੇ 9 ਨਾਲ ਪੜ੍ਹੇ ਜਾਂਦੇ ਸਰਫਾਇਸੀ ਐਕਟ ਦੀਆਂ ਤਜਵੀਜ਼ਾਂ ਦੀਆਂ ਸ਼ਰਤਾਂ ਅਨੁਸਾਰ ਵੈਬਸਾਈਟ https://www.bankeauctions.com ਰਾਹੀਂ ਵੇਚੀ ਜਾਵੇਗੀ।

ਕਰਜ਼ਦਾਰ ਦਾ ਨਾਂ	1. Mis. ਮਾਊਂਟ ਲਿਟਰਾ ਜ਼ੀ ਸਕੂਲ, 2. Mis. ਐਜੂਵੀਜ਼ਨ ਐਜੂਕੇਸ਼ਨਲ ਸੁਸਾਇਟੀ
ਸਹਿ-ਆਬਲੀਗੈਂਟਸ/ਗਰੰਟਰਾਂ/ਗਿਰਵੀਕਾਰਾਂ/ਹਿੱਸੇਦਾਰਾਂ ਦਾ ਨਾਂ	1. ਸ੍ਰੀ ਅਮਨਦੀਪ ਸਿੰਘ ਪੁੱਤਰ ਹਰਭਜਨ ਸਿੰਘ 2. ਸ੍ਰੀ ਹਰਭਜਨ ਸਿੰਘ ਪੁੱਤਰ ਮੋਹਿੰਦਰ ਸਿੰਘ 3. ਸ੍ਰੀਮਤੀ ਮਨਜੀਤ ਹੁੰਦਲ ਪਤਨੀ ਗੁਰਬਖ਼ਸ਼ ਸਿੰਘ
ਬਕਾਇਆ ਰਕਮ	ਰੂ. 60,72,579/- (ਸੱਠ ਲੱਖ ਬਹੱਤਰ ਹਜ਼ਾਰ ਪੰਜ ਸੌ ਉਨਾਸੀ ਰੁ. ਸਿਰਫ਼) ਮਿਤੀ 19.01.2024 ਅਨੁਸਾਰ ਬਕਾਇਆ ਸਮੇਤ ਅਗਾਊਂ ਵਿਆਜ ਅਤੇ ਹੋਰ ਲਾਗਤਾਂ ਅਤੇ ਚਾਰਜਿਜ਼ ਅਤੇ ਖਰਚੇ ਡਿਮਾਂਡ ਨੋਟਿਸ ਦੀ ਮਿਤੀ 19.01.2024 ਵਿਚ ਦਰਸਾਏ ਅਨੁਸਾਰ
ਅਸਾਈਨਮੈਂਟ ਦੇ ਵੇਰਵੇ	ਵਰਥਾਨਾ ਫਾਈਨਾਂਸ ਪ੍ਰਾ. ਲਿਮ. -ਅਸਾਈਨਮੈਂਟ ਦੀ ਮਿਤੀ : 29.12.2025
16.09.2026 ਨੂੰ ਬਕਾਇਆ ਰਕਮ	ਰੂ. 1,13,87,862,32/- (ਇਕ ਕਰੋੜ ਦਸ ਲੱਖ ਤੇਹੱਤਰ ਹਜ਼ਾਰ ਅੱਠ ਸੌ ਦਸ ਰੁ ਬੱਤੀ ਪੈਸੇ ਸਿਰਫ)

ਅਚੱਲ ਜਾਇਦਾਦਾਂ ਦਾ ਵੇਰਵਾ : ਸਾਰੇ ਜ਼ਰੂਰੀ ਅਤੇ ਅਹਿਮ ਹਿੱਸੇ ਜਾਇਦਾਦ ਰਕਬਾ 5 ਕਨਾਲ 18 ਮਰਲੇ ਵਿਚੋਂ 16 ਕਨਾਲ 9 ਮਰਲੇ, ਖੇਵਟ ਨੰ. 2870/1372 ਅਤੇ ਖੇਵਟ ਨੰ. 460, ਹੱਦਬਸਤ ਨੰ. 343, ਸਥਿਤ ਹੈ ਪਿੰਡ ਮਨਵਾਲ, ਤਹਿਸੀਲ ਪਠਾਨਕੋਟ ਵਿਖੇ, ਹੱਦਾਂ ਹੇਠ ਲਿਖੀਆਂ : ਦੱਖਣ : ਰਾਜ ਕੁਮਾਰ ਦਾ ਪਲਾਟ, ਪੂਰਬ : ਰੋਡ, ਪੱਛਮ : ਰੋਡ
Road, On the West By- Road.

ਕਬਜ਼ੇ ਦੇ ਵੇਰਵੇ	ਭੌਤਿਕ ਕਬਜ਼ੇ 'ਚ
ਜਾਇਦਾਦ ਦੀ ਪੜਤਾਲ ਦੀ ਮਿਤੀ ਅਤੇ ਸਮਾਂ	ਬੇਨਤੀ 'ਤੇ
ਰਾਖਵੀਂ ਕੀਮਤ	ਰੂ. 86,65,380/- (ਛਿਆਸੀ ਲੱਖ ਪੈਂਹਟ ਹਜ਼ਾਰ ਤਿੰਨ ਸੌ ਅੱਸੀ ਰੁ. ਸਿਰਫ) ily)
ਜਮਾਂ ਬਿਆਨਾ ਰਕਮ	ਰੂ. 8,66,538/- (ਅੱਠ ਲੱਖ ਛਿਆਹਟ ਹਜ਼ਾਰ ਪੰਜ ਸੌ ਅਠੱਤੀ ਰੁ. ਸਿਰਫ) ily)
ਈਐਮਡੀ ਜਮ੍ਹਾਂ ਕਰਨ ਲਈ ਵੇਰਵੇ :ਬੈਂਕ ਖਾਤਾ : 'ਫੋਨਿਕਸ ਟਰੱਸਟ-ਐਫ਼ਵਾਈ 26-13', ਖਾਤਾ ਨੰ. 9049919809 ਕੋਟਕ ਮਹਿੰਦਰਾ ਬੈਂਕ ਲਿਮਟਿਡ, ਬਰਾਂਚ : ਕਲੀਨਾ, ਮੁੰਬਈ, ਆਈਐਫ਼ਐਸਸੀ ਕੋਡ : KKBK0000631	
ਬੋਲੀ ਵਾਧਾ ਰਕਮ	ਰੂ. 50,000/- (ਰੁ. ਪੰਜਾਹ ਹਜ਼ਾਰ ਸਿਰਫ਼) ਅਤੇ ਅਜਿਹੇ ਗੁਣਜਾਂ ਵਿਚ
ਈਐਮਡੀ ਜਮ੍ਹਾਂ ਕਰਨ ਦੀ ਆਖਰੀ ਮਿਤੀ	08.10.2026 (ਵੀਰਵਾਰ) ਸ਼ਾਮ 05:00 ਵਜੇ ਜਾਂ ਪਹਿਲਾਂ
ਈ ਨਿਲਾਮੀ ਦੀ ਮਿਤੀ ਅਤੇ ਸਮਾਂ	09.10.2026 (ਸ਼ੁੱਕਰਵਾਰ) ਸਵੇਰੇ 11:00 ਵਜੇ ਤੋਂ ਬਾ.ਦੁ. 01.00 ਵਜੇ ਤੱਕ

ਜਾਇਦਾਦ ਦੇ ਟੈਂਡਰ ਦਸਤਾਵੇਜ਼ਾਂ ਲਈ ਲਿੰਕ : https://phoenixarc.co.in?p=7618

ਈ-ਨਿਲਾਮੀ ਦੇ ਨਿਯਮ ਤੇ ਸ਼ਰਤਾਂ :-
1. ਅਧਿਕਾਰਤ ਅਫ਼ਸਰ ਵਲੋਂ ਨਿਲਾਮੀ ਸਰਫਾਇਸੀ ਐਕਟ ਦੀਆਂ ਤਜਵੀਜ਼ਾਂ ਅਧੀਨ ਅਤੇ ਈ ਨਿਲਾਮੀ ਮੋਡ ਰਾਹੀਂ ਕਰਵਾਈ ਜਾਵੇਗੀ। ਨਿਲਾਮੀ/ਬੋਲੀ ਈ ਨਿਲਾਮੀ ਲਈ ਸੇਵਾ ਪ੍ਰਦਾਤਾ ਦਾ ਪ੍ਰਬੰਧ ਕਰਕੇ ਮੈਸ. ਸੀ1 ਇੰਡੀਆ ਪ੍ਰਾਈਵੇਟ ਲਿਮਟਿਡ ਸਿਰਫ਼ 'ਆਨਲਾਈਨ ਇਲੈਕਟ੍ਰਾਨਿਕ ਮੋਡ' ਵੈਬਸਾਈਟ https://www.bankauctions.com ਰਾਹੀਂ ਹੋਵੇਗੀ। 2. ਨਿਲਾਮੀ ਦਰਸਾਏ ਨਿਯਮ ਅਤੇ ਸ਼ਰਤਾਂ ਅਧੀਨ ਹੋਵੇਗੀ ਅਤੇ ਅਗਾਊਂ ਨਿਯਮ ਅਤੇ ਸ਼ਰਤਾਂ ਬੋਲੀ ਦਸਤਾਵੇਜ਼ ਵਿਚ ਨਿਰਧਾਰਤ ਅਤੇ ਤਿਆਰ ਕੀਤੀ ਵਿਧੀ ਅਨੁਸਾਰ ਹਨ। ਬੋਲੀਕਾਰ, ਬੋਲੀ ਦਸਤਾਵੇਜ਼ਾਂ ਲਈ, ਨਿਲਾਮੀ ਲਈ ਸਕਿਓਰਡ ਐਸਟਸ ਦੇ ਵੇਰਵਿਆਂ/ਬੋਲੀ ਫਾਰਮ ਆਦਿ ਪ੍ਰਾਪਤ ਕਰਨ ਲਈ ਫੀਨਿਕਸ ਦੀ ਵੈਬਸਾਈਟ www.phoenixarc.co.in ਅਤੇ ਸੇਵਾ ਪ੍ਰਦਾਤਾ ਦੀ ਵੈਬਸਾਈਟ www.bankauctions.com ਦੇ ਨਾਲ ਨਾਲ ਉਪਰ ਦਰਸਾਏ ਲਿੰਕ 'ਤੇ ਜਾਣ। 3. ਬੋਲੀਕਾਰ ਆਪਣੇ ਦਫ਼ਤਰ/ਆਪਣੀ ਚੋਣਵੀਂ ਥਾਂ ਤੋਂ ਈ ਨਿਲਾਮੀ ਕੋਟਿੰਗ/ਬੋਲੀ ਵਿਚ ਹਿੱਸਾ ਲੈ ਸਕਣਗੇ। ਇੰਟਰਨੈੱਟ ਦੀ ਸਹੂਲਤ ਦਾ ਹਰੇਕ ਬੋਲੀਕਾਰ ਵਲੋਂ ਖੁਦ ਪ੍ਰਬੰਧ ਕੀਤਾ ਜਾਵੇਗਾ। ਅਧਿਕਾਰਤ ਅਫ਼ਸਰ/ਫੀਨਿਕਸ/ਸੇਵਾ ਪ੍ਰਦਾਤਾ ਕਿਸੇ ਇੰਟਰਨੈੱਟ ਨੁਕਸ, ਨੈੱਟਵਰਕ ਸਮੱਸਿਆ, ਸਿਸਟਮ ਕ੍ਰੈਸ਼ ਡਾਊਨ, ਬਿਜਲੀ ਜਾਣ ਆਦਿ ਦੇ ਲਈ ਜ਼ਿੰਮੇਵਾਰ ਨਹੀਂ ਹੋਵੇਗਾ। 4. ਵੇਰਵਿਆਂ, ਸਹਾਇਤਾ, ਪੇਸ਼ਕਸ਼ ਅਤੇ ਈ ਨਿਲਾਮੀ ਲਈ ਆਨਲਾਈਨ ਸਿਖਲਾਈ ਲਈ ਸੰਭਾਵੀ ਬੋਲੀਕਾਰ ਸ੍ਰੀ ਭਾਵਿਕ ਪਾਂਡਿਆ ਮੈਸ. ਸੀ1 ਇੰਡੀਆ ਪ੍ਰਾਈਵੇਟ ਲਿਮਟਿਡ, ਸੰਪਰਕ ਨੰ. 91-124-4302020/2021/2022/2023/2024, 91-8866682937, ਈਮੇਲ ਆਈ.ਡੀ. support@bankauctions.com, 'ਤੇ ਸੰਪਰਕ ਕਰਨ। 5. ਬੋਲੀਕਾਰ ਨਿਲਾਮੀ ਲਈ ਰੱਖੇ ਸਕਿਓਰਡ ਐਸਟਸ ਦੀ ਤਸਦੀਕੀ ਲਈ/ਬੋਲੀ ਫਾਰਮ ਪ੍ਰਾਪਤ ਕਰਨ ਲਈ ਫੀਨਿਕਸ ਦੀ ਵੈਬਸਾਈਟ www.phoenixarc.co.in 'ਤੇ ਵੀ ਜਾ ਸਕਦੇ ਹਨ। 6. ਈ ਨਿਲਾਮੀ ਉਪਰ ਦਰਸਾਈ ਮਿਤੀ ਅਤੇ ਸਮੇਂ 'ਤੇ ਹੋਵੇਗੀ, ਜਦੋਂ ਕਿ ਉਪਰ ਦਰਸਾਏ ਸਕਿਓਰਡ ਐਸਟਸ 'ਜਿਵੇਂ ਹੈ, ਜਿੱਥੇ ਹੈ' ਅਤੇ ਅਤੇ ਬਿਨਾਂ ਕਿਸੇ ਵਸੀਲੇ' ਦੇ ਆਧਾਰ ਦੀਆਂ ਸ਼ਰਤਾਂ 'ਤੇ ਹੋਵੇਗੀ। 7. ਸਾਰੇ ਇੱਛੁਕ ਖਰੀਦਦਾਰ/ਬੋਲੀਕਾਰ ਨੂੰ ਆਪਣੇ ਨਾਂ ਉਪਰ ਦਰਸਾਏ ਪੋਰਟਲ https://www.bankauctions.com 'ਤੇ ਰਜਿਸਟਰਡ ਕਰਾਉਣੇ ਹੋਣਗੇ ਅਤੇ ਉਪਰ ਦਰਸਾਈ ਮਿਤੀ ਅਤੇ ਸਮੇਂ 'ਤੇ ਈ ਨਿਲਾਮੀ ਵਿਚ ਭਾਗ ਲੈਣ ਲਈ ਆਪਣਾ ਯੂਜ਼ਰ ਆਈ.ਡੀ. ਅਤੇ ਪਾਸਵਰਡ ਮੁਫ਼ਤ ਪ੍ਰਾਪਤ ਕਰਨ। 8. ਈ ਨਿਲਾਮੀ ਵਿਚ ਭਾਗ ਲੈਣ ਲਈ ਇੱਛੁਕ ਖਰੀਦਦਾਰ/ਬੋਲੀਕਾਰ ਸਕਿਓਰਡ ਐਸਟਸ ਦੀ ਰਾਖਵੀਂ ਕੀਮਤ ਦਾ 10% ਜਮਾਂ ਬਿਆਨਾ ਰਕਮ ਮੋੜਨ ਦੇ ਵੇਰਵਿਆਂ ਸਮੇਤ ਪੈਨ ਕਾਰਡ ਦੀ ਕਾਪੀ, ਕੰਪਨੀ ਦੇ ਸਬੰਧ ਵਿਚ ਬੋਰਡ ਮਤਾ ਅਤੇ ਟੈਂਡਰ ਦਸਤਾਵੇਜ਼ ਵਿਚ ਹੋਰ ਚੰਗੀ ਤਰ੍ਹਾਂ ਦਰਸਾਏ ਅਨੁਸਾਰ ਸਬੂਤ ਪਤੇ ਦੇ ਨਾਲ ਉਪਰ ਦਰਸਾਏ ਅਨੁਸਾਰ ਈਐਮਡੀ ਜਮ੍ਹਾਂ ਕਰਨ ਦੀ ਆਖਰੀ ਮਿਤੀ ਨੂੰ ਜਾਂ ਪਹਿਲਾਂ ਜਮ੍ਹਾਂ ਕਰਾਉਣਗੇ। ਇੱਛੁਕ/ਸੰਭਾਵੀ ਬੋਲੀਕਾਰ ਨੂੰ ਉਪਰ ਦਰਸਾਏ ਅਨੁਸਾਰ ਵਿਸਥਾਰਤ ਜਾਇਦਾਦ ਲਈ ਈਐਮਡੀ ਜਮ੍ਹਾਂ ਕਰਵਾਉਣੀ ਜ਼ਰੂਰੀ ਹੈ। 9. ਸੰਭਾਵੀ/ਇੱਛੁਕ ਬੋਲੀਕਾਰ ਨੂੰ ਇਹ ਵਾਅਦਾ ਕਰਨਾ ਹੋਵੇਗਾ ਕਿ ਉਹ ਇਨਸੋਲਵੈਂਸੀ ਐਂਡ ਬੈਂਕਰਪਟਸੀ ਕੋਡ, 2016 ਦੇ ਸੈਕਸ਼ਨ 29 (ਏ) ਦੀਆਂ ਧਾਰਾਵਾਂ ਅਨੁਸਾਰ ਅਯੋਗ ਨਹੀਂ ਹੈ ਅਤੇ ਕੇਵਾਈਸੀ ਦਸਤਾਵੇਜ਼ਾਂ ਸਮੇਤ ਅਜਿਹੇ ਅੰਡਰਟੇਕਿੰਗ ਨੂੰ ਪੇਸ਼ ਕਰਨ ਵਿੱਚ ਅਸਫਲ ਰਹਿਣ ਤੇ ਉਹ ਆਪਣੇ ਆਪ ਅਯੋਗ ਹੋ ਜਾਵੇਗਾ ਜਾਂ ਉਸ ਦੀ ਬੋਲੀ ਰੱਦ ਕਰ ਦਿੱਤੀ ਜਾਵੇਗੀ। 10. ਸਫ਼ਲ ਬੋਲੀਕਾਰ/ਖਰੀਦਦਾਰ 25% (ਸਮੇਤ ਈਐਮਡੀ) ਆਪਣੀ ਆਫਰ ਦਾ ਆਰਟੀਜੀਐਸ ਰਾਹੀਂ ਉਪਰ ਦਰਸਾਏ ਖਾਤੇ ਵਿਚ ਉਪਰ ਦਰਸਾਈ ਨਿਲਾਮੀ ਦੀ ਮਿਤੀ ਤੱਕ ਜਾਂ ਪਹਿਲਾਂ ਜਮ੍ਹਾਂ ਕਰਵਾਏਗਾ ਭਾਵ ਨਿਲਾਮੀ ਦੇ ਦਿਨ ਬੈਂਕ ਬੰਦ ਹੋਣ ਤੋਂ ਪਹਿਲਾਂ ਜਮ੍ਹਾ ਕਰਵਾਏਗਾ ਜਿਸ ਦੀ ਪੁਸ਼ਟੀ ਫ਼ੀਨਿਕਸ ਵਲੋਂ ਕੀਤੀ ਜਾਵੇਗੀ, ਅਸਫਲ ਰਹਿਣ 'ਤੇ ਵਿਕਰੀ ਨੂੰ ਅਸਫਲ ਮੰਨਿਆ ਜਾਵੇਗਾ ਅਤੇ ਉਕਤ ਸਫਲ ਬੋਲੀਕਾਰ ਦੀ ਈਐਮਡੀ ਜਬਤ ਕਰ ਲਈ ਜਾਵੇਗੀ। 11. ਹੋਰ ਸਾਰੇ ਬੋਲੀਕਾਰ ਜਿਹੜੇ ਸਫ਼ਲ ਨਹੀਂ ਹੋਏ ਦੀ ਈਐਮਡੀ ਫੀਨਿਕਸ ਵਲੋਂ ਈ ਨਿਲਾਮੀ ਬੰਦ ਹੋਣ ਦੇ 72 ਘੰਟੇ ਦੇ ਅੰਦਰ ਅੰਦਰ ਵਾਪਸ ਕਰ ਦਿੱਤੀ ਜਾਵੇਗੀ। ਈਐਮਡੀ 'ਤੇ ਕੋਈ ਵਿਆਜ ਨਹੀਂ ਦਿੱਤਾ ਜਾਵੇਗਾ। 12. ਸਫਲ ਬੋਲੀਕਾਰ/ਖਰੀਦਦਾਰ ਵਲੋਂ ਬਾਕੀ ਵਿਚਾਰੀ ਗਈ ਖਰੀਦ ਰਕਮ ਅਧਿਕਾਰਤ ਅਫ਼ਸਰ/ਸਕਿਓਰਡ ਕ੍ਰੈਡੀਟਰ ਵਲੋਂ ਉਕਤ ਸਕਿਓਰਡ ਐਸਟਸ ਦੀ ਵਿਕਰੀ ਦੀ ਪੁਸ਼ਟੀ ਦੀ ਮਿਤੀ ਤੋਂ 15ਵੇਂ ਦਿਨ ਜਾਂ ਪਹਿਲਾਂ ਅਦਾ ਕਰਨੀ ਹੋਵੇਗੀ ਅਤੇ ਉਸ ਦੇ ਕਹਿਣ 'ਤੇ ਅਧਿਕਾਰਤ ਅਫ਼ਸਰ ਵਲੋਂ ਲਿਖਤੀ ਸਹਿਮਤੀ 'ਤੇ ਇਹ ਮਿਆਦ ਵਧਾਈ ਵੀ ਜਾ ਸਕਦੀ ਹੈ। ਜੇ ਅਸਫਲ ਰਹਿੰਦਾ ਹੈ ਤਾਂ ਜਮ੍ਹਾਂ ਸਾਰੀ ਰਕਮ ਜਬਤ ਕਰ ਲਈ ਜਾਵੇਗੀ। 13. ਜਾਇਦਾਦ ਦੀ ਪੜਤਾਲ ਜਾਂ ਹੋਰ ਜਾਣਕਾਰੀ ਲਈ ਸੰਭਾਵੀ ਬੋਲੀਕਾਰ ਸ੍ਰੀ ਵਿਪਨ ਕੁਮਾਰ ਮੀਨਾ/ਸ੍ਰੀ ਮਹੇਸ਼ ਮਾਲੂਨਜਕਰ ਨੂੰ ਹੇਠ ਲਿਖੇ ਈਮੇਲ ਪਤੇ mahesh.m@phonixarc.co.in/vipin.meena@phoenixarc.co.in (ਈਮੇਲ) ਜਾਂ +91-09920381684/+91-9819803563(ਮੋਬਾਇਲ) 'ਤੇ ਸੰਪਰਕ ਕਰਨ। 14. ਅਧਿਕਾਰਤ ਅਫ਼ਸਰ ਵਲੋਂ ਨਿਲਾਮੀ ਕਿਸੇ ਵੇਲੇ ਵੀ, ਬਿਨਾਂ ਕੋਈ ਕਾਰਨ ਦੱਸੇ ਅਤੇ ਬਿਨਾਂ ਕਿਸੇ ਅਗਾਊਂ ਨੋਟਿਸ ਦੇ ਨਿਲਾਮੀ ਰੱਦ ਕੀਤੀ ਜਾ ਸਕਦੀ ਹੈ ਜਾਂ ਮਨਜ਼ੂਰ/ਨਾ ਮਨਜ਼ੂਰ/ਦਰੁਸਤ/ਕੈਂਸਲ ਕੀਤੀ ਜਾ ਸਕਦੀ ਹੈ। 15. ਸਫ਼ਲ ਬੋਲੀਕਾਰ/ਖਰੀਦਦਾਰ ਖਰੀਦ ਵਿਚਾਰੀ ਗਈ ਰਕਮ 'ਤੇ ਲਾਗੂ ਜੀਐਸਟੀ, ਅਦਾਇਗੀਯੋਗ ਫੀਸ, ਟੈਕਸ, ਕੋਈ ਕਾਨੂੰਨੀ ਬਕਾਇਆ, ਸਟੈਂਪ ਡਿਊਟੀ, ਰਜਿਸਟ੍ਰੇਸ਼ਨ ਫੀਸ ਆਦਿ ਅਦਾ ਕਰੇਗਾ, ਇਹ ਕਿ ਉਸ ਦੇ ਪੱਖ ਵਿਚ ਸਕਿਓਰਡ ਐਸਟਸ ਦੇ ਆਰਡਰ ਪ੍ਰਾਪਤ ਕਰਨ ਵਿਚ ਜਿਵੇਂ ਕਾਨੂੰਨ ਅਨੁਸਾਰ ਲਾਗੂ ਹੋਵੇਗੀ ਅਦਾ ਕਰਨ ਦੀ ਜ਼ਰੂਰਤ ਹੈ। 16. ਸਾਰੇ ਕਾਨੂੰਨੀ/ਗੈਰ ਕਾਨੂੰਨੀ ਬਕਾਏ, ਟੈਕਸ, ਦਰਾਂ, ਅਸੈਸਮੈਂਟਸ, ਚਾਰਜਿਜ਼, ਸੁਸਾਇਟੀ ਬਕਾਇਆ, ਫੀਸ ਆਦਿ ਕਿਸੇ ਵਲੋਂ ਵੀ ਜਾਇਦਾਦ 'ਤੇ ਲਗਦੇ ਹੋਣ ਸਿਰਫ਼ ਸਫ਼ਲ ਬੋਲੀਕਾਰ ਦੀ ਇਕੱਲੇ ਦੀ ਅਦਾ ਕਰਨ ਦੀ ਜਿੰਮੇਵਾਰੀ ਹੋਵੇਗੀ। 17. ਸਫਲ ਖਰੀਦਦਾਰ/ਬੋਲੀਕਰਤਾ ਦੇ ਆਪਣੇ/ਉਸ ਦੇ ਹੱਕ ਵਿੱਚ ਸੁਸਾਇਟੀ/ਕਿਸੇ ਹੋਰ ਅਥਾਰਟੀ ਵਲੋਂ ਕੀਤੀ ਜਾਣ ਵਾਲੀ ਤਬਦੀਲੀ ਲਈ ਕਿਸੇ ਵੀ ਲਾਗਤ/ਖਰਚ/ਫ਼ੀਸ/ਜੁਰਮਾਨੇ ਆਦਿ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਹੋਵੇਗਾ। 18. ਕਰਜ਼ਦਾਰ/ਗਿਰਵੀਕਾਰ ਜੋ ਉਕਤ ਬਕਾਇਆ ਦੇਣ ਦੇ ਪਾਬੰਦ ਹਨ ਨੂੰ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) 2002 ਦੇ ਰੂਲ 8 ਕਲਾਜ਼ (6) ਅਧੀਨ ਉਪਰ ਦਰਸਾਈ ਨਿਲਾਮੀ ਵਿਕਰੀ ਕਰਾਉਣ ਬਾਰੇ ਇਹ ਨਿਲਾਮੀ ਨੋਟਿਸ ਵੀ ਹੈ। 19. ਇਹ ਇੱਛੁਕ ਬੋਲੀਕਾਰ ਦੀ ਜਿੰਮੇਵਾਰੀ ਹੋਵੇਗੀ ਕਿ ਉਹ ਸਕਿਓਰਡ ਐਸਟਸ ਸਬੰਧੀ ਕਿਸੇ ਝੰਜਟ, ਨਿਲਾਮੀ ਲਈ ਰੱਖੀ ਜਾਇਦਾਦ ਦੇ ਵਿਸ਼ੇ ਬਾਰੇ ਅਤੇ ਸਕਿਓਰਡ ਐਸਟਸ ਨੂੰ ਪ੍ਰਭਾਵਿਤ ਕਰਨ ਵਾਲੇ ਦਾਅਵੇ/ਹੱਕ/ਬਕਾਇਆ, ਸਮੇਤ ਕਾਨੂੰਨੀ ਬਕਾਏ ਅਤੇ ਤਫ਼ਸੀਲ ਸਬੰਧੀ ਬੋਲੀ ਜਮ੍ਹਾਂ ਕਰਨ ਤੋਂ ਪਹਿਲਾਂ ਖੁਦ ਜਾਂਚ ਲੈਣ। ਫੀਨਿਕਸ ਦਾ ਅਧਿਕਾਰਤ ਅਫਸਰ ਕਿਸੇ ਤੀਜੀ ਪਾਰਟੀ ਦੇ ਦਾਅਵੇ/ਹੱਕਾਂ/ਬਕਾਏ ਲਈ ਜਿੰਮੇਵਾਰ ਨਹੀਂ ਹੋਵੇਗਾ। 20. ਅਖ਼ਬਾਰ ਵਿਚ ਪ੍ਰਕਾਸ਼ਤ ਨਿਲਾਮੀ ਸੂਚਨਾ ਦੇ ਵੇਰਵੇ ਨਿਮਨ ਹਸਤਾਖਰੀ ਦੀ ਜਾਣਕਾਰੀ ਅਨੁਸਾਰ ਸਹੀ ਹਨ ਅਤੇ ਨਿਮਨ ਹਸਤਾਖਰੀ ਕਿਸੇ ਗਲਤੀ, ਤਰੁਟੀ ਜਾਂ ਗਲਤ ਛਪਾਈ ਲਈ ਜਿੰਮੇਵਾਰ ਨਹੀਂ ਹੋਵੇਗਾ। 21. ਇਸ ਦੇ ਸਬੰਧ ਵਿਚ, ਉਪਰ ਦਰਸਾਈ ਨਿਲਾਮੀ ਕਿਸੇ ਕਾਰਨ ਕਰਕੇ ਅਸਫਲ ਰਹਿੰਦੀ ਹੈ ਤਾਂ ਫੋਨਿਕਸ ਨੂੰ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲ, 2002 ਅਤੇ ਸਰਫਾਇਸੀ ਐਕਟ, 2002 ਦੇ ਰੂਲ 8(5) ਦੀਆਂ ਤਜ਼ਵੀਜ਼ਾਂ ਅਧੀਨ ਕਿਸੇ ਹੋਰ ਤਰੀਕੇ ਨਾਲ ਕਰਾਉਣ ਦਾ ਹੱਕ ਰੱਖਦਾ ਹੈ।

ਸਥਾਨ : ਪਠਾਨਕੋਟ
ਮਿਤੀ : 23.09.2026

ਸਹੀ/- ਅਧਿਕਾਰਤ ਅਫ਼ਸਰ
ਫੀਨਿਕਸ ਏਆਰਸੀ ਲਿਮਟਿਡ, (ਪਹਿਲਾਂ ਫੋਨਿਕਸ ਏਆਰਸੀ ਪ੍ਰਾਈਵੇਟ ਲਿਮਟਿਡ ਵਜੋਂ ਜਾਣਿਆ ਜਾਂਦਾ)
(ਫੋਨਿਕਸ ਟਰੱਸਟ ਐਫ਼ਵਾਈ-26-13 ਦਾ ਟਰੱਸਟੀ)